


# ਮਹਿਕ-ਏ-ਵਤਨ

# Mehak E wattan

Fortnightly Newspaper



Hardev Brar
Chief Editor

• Vol-III • Issue- 01 • Phone : +64,274-427-338 +64 9 3900004 • www.mehakewattan.com • January 2025



03 ਕ੍ਰਾਈਸਚਰਚ ਨਵੇਂ ਸਾਲ ਦੇ ਰੰਗਾਰੰਗ ਪ੍ਰੋਗਰਾਮ ਹੋਏ ਰੱਦ



07 ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਬਾਰਡਰ ਸਟਾਫ ਦਾ ਵੱਡਾ ਐਲਾਨ




11 "ਨਸ਼ਾਖੋਰੀ" ਇੱਕ ਨਾਮੁਰਾਦ ਮਰਜ




15 WWE ਦੇ ਮਸ਼ਹੂਰ ਰੈਸਲਰ ਰੇ ਮਿਸਟੀਰੀਓ ਦਾ ਹੋਇਆ ਦਿਹਾਂਤ




# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿਮੀ ਕਾਰਟਰ ਦਾ ਦੇਹਾਂਤ



ਅਮਰੀਕਾ ਦੇ 39ਵੇਂ ਰਾਸ਼ਟਰਪਤੀ ਅਤੇ ਭਾਰਤ ਆਉਣ ਵਾਲੇ ਤੀਜੇ ਅਮਰੀਕੀ ਆਗੂ ਜਿਮੀ ਕਾਰਟਰ ਦਾ ਬੀਤੇ ਦਿਨ 100 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਜਿਊਂਦੇ ਰਹਿਣ ਵਾਲੇ ਰਾਸ਼ਟਰਪਤੀ ਸਨ। ਉਨ੍ਹਾਂ ਦੇ ਸਨਮਾਨ ਵਿੱਚ ਹਰਿਆਣਾ ਦੇ ਇੱਕ ਪਿੰਡ ਦਾ ਨਾਮ ਕਾਰਟਰਪੁਰੀ ਰੱਖਿਆ ਗਿਆ ਸੀ।

ਕਾਰਟਰ ਸੈਂਟਰ ਨੇ ਇਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਜੌਰਜੀਆ ਸੂਬੇ ਦੇ ਪਲੇਨਜ਼ ਵਿੱਚ ਆਪਣੇ ਘਰ ਵਿੱਚ ਸ਼ਾਂਤੀ ਨਾਲ ਆਖ਼ਰੀ ਸਾਹ ਲਏ। ਉਨ੍ਹਾਂ ਦੇ ਪਰਿਵਾਰ 'ਚ ਪਿੱਛੇ ਬੱਚੇ ਜੈਕ, ਚਿੱਪ, ਜੈੱਫ ਅਤੇ ਐਮੀ; 11 ਪੋਤੇ-ਪੋਤੀਆਂ ਅਤੇ 14 ਪੜਪੋਤੇ-ਪੜਪੋਤੇ ਹਨ। ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਦੀ ਪਤਨੀ ਰੋਜ਼ਲਿਨ ਅਤੇ ਇੱਕ ਪੋਤੇ-ਪੋਤੀ ਦਾ ਦੇਹਾਂਤ ਹੋ ਗਿਆ ਸੀ।

ਕਾਰਟਰ ਦੀ ਮ੍ਰਿਤਕ ਦੇਹ ਨੂੰ ਦਫਨਾਉਣ ਤੋਂ ਪਹਿਲਾਂ ਕਈ ਸ਼ੋਕ ਸਭਾਵਾਂ ਕੀਤੀਆਂ ਜਾਣਗੀਆਂ। ਅਮਰੀਕਾ 'ਚ ਰਾਸ਼ਟਰਪਤੀ ਆਪਣੇ ਅੰਤਿਮ ਸੰਸਕਾਰ ਦਾ ਸਥਾਨ ਤੇ ਤਰੀਕਾ ਖ਼ੁਦ ਨਿਰਧਾਰਤ ਕਰਦੇ ਹਨ। ਉਨ੍ਹਾਂ ਦੇ ਚਲਾਣੇ ਉਤੇ ਦੁੱਖ ਜ਼ਾਹਰ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ, ''ਅੱਜ, ਅਮਰੀਕਾ ਅਤੇ ਦੁਨੀਆ ਨੇ ਇੱਕ ਅਸਾਧਾਰਨ ਨੇਤਾ, ਰਾਜਨੇਤਾ ਅਤੇ ਮਨੁੱਖਤਾਵਾਦੀ ਸਖ਼ਸ਼ ਗੁਆ ਲਿਆ ਹੈ।''

ਉਨ੍ਹਾਂ ਦੇ ਪੁੱਤਰ ਚਿੱਪ ਕਾਰਟਰ ਨੇ ਕਿਹਾ, "ਮੇਰੇ ਪਿਤਾ ਜੀ ਇੱਕ ਨਾਇਕ ਸਨ, ਨਾ ਸਿਰਫ਼ ਮੇਰੇ ਲਈ, ਸਗੋਂ ਸ਼ਾਂਤੀ, ਮਨੁੱਖੀ ਅਧਿਕਾਰਾਂ ਅਤੇ ਨਿਰਸਵਾਰਥ ਪਿਆਰ ਵਿੱਚ ਵਿਸ਼ਵਾਸ ਰੱਖਣ ਵਾਲੇ ਹਰੇਕ ਵਿਅਕਤੀ ਲਈ ਵੀ। ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ, ''ਭਾਵੇਂ ਕਿ ਉਨ੍ਹਾਂ ਦੇ ਕਾਰਟਰ ਨਾਲ 'ਵਿਚਾਰਕ ਅਤੇ ਸਿਆਸੀ ਤੌਰ 'ਤੇ ਕਾਫੀ ਜ਼ਿਆਦਾ ਮਤਭੇਦ' ਸਨ, ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਇਹ ਅਹਿਸਾਸ ਹੈ ਕਿ ਉਹ ਸਾਡੇ ਦੇਸ਼ ਨੂੰ ਸੱਚਮੁੱਚ ਪਿਆਰ ਕਰਦੇ ਸਨ ਅਤੇ ਇਸ ਦੀਆਂ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦੇ ਹਨ।'' ਉਨ੍ਹਾਂ ਕਿਹਾ, "ਉਨ੍ਹਾਂ ਨੇ ਅਮਰੀਕਾ ਨੂੰ ਇੱਕ ਬਿਹਤਰ ਜਗ੍ਹਾ ਬਣਾਉਣ ਲਈ ਸਖ਼ਤ ਮਿਹਨਤ ਕੀਤੀ ਅਤੇ ਇਸ ਲਈ ਮੈਂ ਉਨ੍ਹਾਂ ਨੂੰ ਤਹਿ ਦਿਲੋਂ ਸਤਿਕਾਰ ਦਿੰਦਾ ਹਾਂ।"

# ਬ੍ਰਿਟੇਨ: ਕਿੰਗ ਚਾਰਲਸ ਦੀ 2025 ਨਿਊ ਈਅਰ ਆਨਰਜ਼ ਲਿਸਟ 'ਚ ਭਾਰਤੀ ਮੂਲ ਦੇ 30 ਲੋਕ ਸ਼ਾਮਲ

ਲੰਡਨ - ਭਾਈਚਾਰੇ ਦੇ ਨੇਤਾਵਾਂ, ਪ੍ਰਚਾਰਕਾਂ, ਸਿੱਖਿਆ ਸ਼ਾਸਤਰੀਆਂ ਅਤੇ ਡਾਕਟਰਾਂ ਸਮੇਤ 30 ਤੋਂ ਵੱਧ ਭਾਰਤੀ ਮੂਲ ਦੇ ਪੇਸ਼ੇਵਰਾਂ ਨੂੰ ਸ਼ੁੱਕਰਵਾਰ ਰਾਤ ਨੂੰ ਲੰਡਨ ਵਿਚ ਜਾਰੀ ਬ੍ਰਿਟੇਨ ਦੇ ਕਿੰਗ ਚਾਰਲਸ ਦੀ 2025 ਨਵੇਂ ਸਾਲ ਦੀ ਸਨਮਾਨ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਸ਼੍ਰੀਲੰਕਾਈ ਅਤੇ ਭਾਰਤੀ ਮੂਲ ਦੇ ਕੰਜ਼ਰਵੇਟਿਵ ਸੰਸਦ ਮੈਂਬਰ ਰਾਨਿਲ ਮੈਲਕਮ ਜੈਵਰਧਨੇ ਨੂੰ ਰਾਜਨੀਤਿਕ ਅਤੇ ਜਨਤਕ ਸੇਵਾ ਲਈ ਅਤੇ ਹਾਲ ਹੀ ਵਿੱਚ ਅਸਤੀਫਾ ਦੇਣ ਵਾਲੇ ਇੰਗਲੈਂਡ ਦੀ ਪੁਰਸ਼ ਫੁੱਟਬਾਲ ਟੀਮ ਦੇ ਮੈਨੇਜਰ ਗੈਰੇਥ ਸਾਊਥਗੇਟ ਨੂੰ ਖੇਡਾਂ ਦੇ ਖੇਤਰ ਵਿਚ ਉਨ੍ਹਾਂ ਦੀਆਂ ਸੇਵਾਵਾਂ ਲਈ 'ਨਾਈਟਹੁੱਡ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਜਾਵੇਗਾ।

ਨਵੇਂ ਸਾਲ ਦੀ ਸਨਮਾਨ ਸੂਚੀ ਵਿੱਚ ਖੇਡ, ਸਿਹਤ ਸੰਭਾਲ, ਸਿੱਖਿਆ ਅਤੇ ਸਵੈਇੱਛੁਕ ਸੇਵਾਵਾਂ ਸਮੇਤ ਵੱਖ-ਵੱਖ ਖੇਤਰਾਂ ਦੇ 1,200 ਤੋਂ ਵੱਧ ਲੋਕ ਸ਼ਾਮਲ ਹਨ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ, "ਆਮ ਲੋਕ ਆਪਣੇ ਭਾਈਚਾਰਿਆਂ ਲਈ ਹਰ ਰੋਜ਼ ਅਸਾਧਾਰਨ ਕੰਮ ਕਰਦੇ ਹਨ। ਉਹ ਸੇਵਾ ਦੇ ਉਸ ਬ੍ਰਿਟਿਸ਼ ਮੁੱਲ ਨੂੰ ਦਰਸਾਉਂਦੇ ਹਨ, ਜਿਸ ਨੂੰ ਮੈਂ ਇਸ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਹਰ ਕੰਮ ਦੇ ਕੇਂਦਰ ਵਿੱਚ ਰੱਖਦਾ ਹਾਂ। ਨਵੇਂ ਸਾਲ ਦੀ ਸਨਮਾਨ ਸੂਚੀ ਵਿੱਚ ਇਨ੍ਹਾਂ ਗੁੰਮਨਾਮ ਨਾਇਕਾਂ ਦਾ ਸਨਮਾਨ ਕੀਤਾ ਗਿਆ ਹੈ ਅਤੇ ਮੈਂ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।"

ਬ੍ਰਿਟੇਨ ਦੇ ਮਹਾਰਾਜਾ ਦੇ ਨਾਂ 'ਤੇ ਕੈਬਨਿਟ ਦਫ਼ਤਰ ਵੱਲੋਂ ਹਰ ਸਾਲ ਜਾਰੀ ਕੀਤੀ ਜਾਣ ਵਾਲੀ ਇਸ ਸੂਚੀ ਅਨੁਸਾਰ ਸਿੱਖਿਆ



ਦੇ ਖੇਤਰ ਵਿੱਚ ਸੇਵਾਵਾਂ ਲਈ ਸਤਵੰਤ ਕੌਰ ਦਿਓਲ ਨੂੰ 'ਕਮਾਂਡਰ ਆਫ਼ ਦਿ ਆਰਡਰ ਆਫ਼ ਦਿ ਬ੍ਰਿਟਿਸ਼ ਐਂਪਾਇਰ' (ਸੀਬੀਈ) ਨਾਲ ਸਨਮਾਨਿਤ ਕੀਤਾ ਜਾਵੇਗਾ। ਇਨ੍ਹਾਂ ਤੋਂ ਇਲਾਵਾ 'ਮੁਕਾਬਲਾ ਕਾਨੂੰਨ' ਦੇ ਖੇਤਰ ਵਿੱਚ ਸੇਵਾਵਾਂ ਲਈ ਚਾਰਲਸ ਪ੍ਰੀਤਮ ਸਿੰਘ ਧਨੋਆ ਅਤੇ ਸਿਹਤ ਸੰਭਾਲ, ਵਿਗਿਆਨ ਅਤੇ ਨਵੀਨਤਾ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਸੇਵਾਵਾਂ ਲਈ ਸਰਜਨ ਪ੍ਰੋਫੈਸਰ ਸਨੇਹ ਖੇਮਕਾ ਸਮੇਤ 30 ਭਾਰਤੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।






# ਫਿਲੀਪੀਨਜ਼ 'ਚ ਕਾਰਗੋ ਜਹਾਜ਼ ਦੇ ਡੁੱਬਣ ਕਾਰਨ ਇੱਕ ਦੀ ਮੌਤ

ਮਨੀਲਾ : ਫਿਲੀਪੀਨ ਦੇ ਤੱਟ ਰੱਖਿਅਕ (ਪੀ.ਐੱਸ.ਜੀ.) ਨੇ ਮੰਗਲਵਾਰ ਨੂੰ ਕਿਹਾ ਕਿ ਉੱਤਰੀ ਸਮਰ ਸੂਬੇ 'ਚ ਡੁੱਬਣ ਵਾਲੇ ਫਿਲੀਪੀਨ ਦੇ ਝੰਡੇ ਵਾਲੇ ਕਾਰਗੋ ਜਹਾਜ਼ ਦੇ ਚਾਲਕ ਦਲ ਦਾ ਇਕ ਮੈਂਬਰ ਡੁੱਬ ਗਿਆ ਹੈ ਅਤੇ ਇਕ ਹੋਰ ਅਜੇ ਵੀ ਲਾਪਤਾ ਹੈ।

ਪੀਸੀਜੀ ਉੱਤਰੀ ਸਮਰ ਸਟੇਸ਼ਨ ਦੇ ਅਪ੍ਰੈਂਟਿਸ ਸੀਮੈਨ ਜੌਨ ਲਿਮੂਅਲ ਬਾਲੇਸਟਾ ਨੇ ਸਿਨਹੂਆ ਨੂੰ ਇੱਕ ਟੈਲੀਫੋਨ ਇੰਟਰਵਿਊ ਵਿੱਚ ਦੱਸਿਆ ਕਿ ਜਹਾਜ਼ ਐਮਵੀ ਜੇਰਲਿਨ ਖੱਟਨੇਸ ਸੋਮਵਾਰ ਨੂੰ ਲਾਵੇਜ਼ਾਰੇਸ ਸ਼ਹਿਰ ਦੇ ਨੇੜੇ ਪਾਣੀ ਵਿੱਚ ਡੁੱਬ ਗਿਆ, ਜਿਸ ਵਿਚ 15 ਚਾਲਕ ਦਲ ਦੇ ਮੈਂਬਰ ਸਵਾਰ ਸਨ।

ਉਸ ਨੇ ਕਿਹਾ ਕਿ ਸਮੁੰਦਰੀ ਜਹਾਜ਼, ਸੀਮਿੰਟ ਲੈ ਕੇ, ਸੇਬੂ ਪ੍ਰਾਂਤ ਦੇ ਨਾਗਾ ਸ਼ਹਿਰ ਤੋਂ ਰਵਾਨਾ ਹੋਇਆ



ਅਤੇ ਸੈਨ ਜੋਸ, ਉੱਤਰੀ ਸਮਰ ਵੱਲ ਜਾ ਰਿਹਾ ਸੀ, ਜਦੋਂ ਇਹ "ਵੱਡੀਆਂ ਲਹਿਰਾਂ" ਨਾਲ ਟਕਰਾ ਗਿਆ। ਬੈਲੇਸਟਾ ਨੇ ਕਿਹਾ ਕਿ ਚਾਲਕ ਦਲ ਦੇ 13 ਮੈਂਬਰਾਂ ਨੂੰ ਬਚਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਲਾਪਤਾ ਚਾਲਕ ਦਲ ਦੇ ਮੈਂਬਰ ਦੀ ਭਾਲ ਅਤੇ ਬਚਾਅ ਕਾਰਜ ਜਾਰੀ ਹਨ।


MPS Surgery Ltd

Services Provided:

* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.



General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz

## ਸਰਬੰਸਦਾਨੀ



ਆਓ ਜਪੀਏ , ਨਿੱਤ ਸਰਬੰਸਦਾਨੀ ਤਾਈਂ
ਕਰੀਏ ਯਾਦ ਨਿੱਤ ਕੁਰਬਾਨੀ,
ਬਾਬਾ ਅਜੀਤ ਤੇ ਜੁਝਾਰ ਦੀ ।
ਮੁੱਛ ਫੁੱਟ ਗੱਭਰੂ ਉਤਰੇ ਜੰਗੇ ਮੈਦਾਨ ਜਦ,
ਜਿਗਰਾ ਮਾਤ-ਪਿਤਾ ਦਾ ਵੇਖੋ,
ਭੇਜੇ ਵਾਰਨ ਕੌਮ ਤੋਂ, ਟੁਕੜੇ ਜਿਗਰੇ ਦੇ
ਮੋਹ ਪਿਆਰ ਪਛਾੜ ਜੀ।
ਲਾਲ ਵੀ ਨਾ ਥਿਰਕੇ ਜ਼ਰਾ,ਅੱਗੇ ਝੂਠੇ ਵਾਅਦਿਆਂ
ਖਾਤਰ ਕੌਮ, ਦੇਸ਼ ਦੀ ਦਿੱਤੀਆਂ ਜਾਨਾਂ ਵਾਰ ਜੀ।
ਹੁਣ ਆਈ ਸੀ ਵਾਰੀ ਛੋਟੇ ਲਾਲਾਂ ਦੀ,
ਬਾਬਾ ਜ਼ੋਰਾਵਰ ਤੇ ਬਾਬਾ ਫਤਿਹ ਸਿੰਘ ਨੂੰ
ਕਿਉਂ ਦਿੰਦੇ ਹਾਂ ਵਿਸਾਰ ਜੀ।
ਕੱਚੀਆਂ ਕਰੂਬਲਾਂ , ਮਸਾਂ ਸੀ ਦੇਖੇ
ਹਾਲੇ 7—8 ਸਾਉਣ ਤੇ ਹਾੜ ਜੀ ।
ਚਿਣਾ ਕੰਧਾਂ ਚ ਮਾਸੂਮਾਂ, ਵਹਿਸ਼ੀਆਂ
ਦਿੱਤਾ ਚਮਨ ਉਜਾੜ ਜੀ।
ਮਾਂ ਗੁਜਰੀ ਨੇ ਵੀ ਸਨ ਵੇਖੇ ਕੁਝ ਸਪਨੇ ,
ਸੁਹਣੇ ਬਾਲਾਂ ਲਈ,ਹੋ ਵੱਡੇ ,ਚੜ੍ਹਨਗੇ ਘੋੜੀ,
ਸਜਾਅ ਦਸਤਾਰ ਦੀ।
ਤੱਕ ਸਕੀ ਨਾ ਵਰਤਦਾ ਭਾਣਾ
ਵਿਲਕਦੀ , ਕੁਰਲਾਉਂਦੀ,ਗਈ ਛੱਡ ਸੰਸਾਰ ਦੀ।

ਮਾਤਾ ਜਦ ਸੀ ਪੁਛਿਆ ਕਲਗੀਆਂ ਵਾਲੇ ਨੂੰ,
ਕਿਧਰ ਗਏ ਦੋਵੇਂ ਲਾਲ ਜੀ,
ਸਹਿਜ ਸੁਭਾਅ ਹੀ ਕਹਿ ਗਏ ਫਿਰ
" ਇਨ ਪੁਤ੍ਰਨ ਕੇ ਵਾਸਤੇ,ਵਾਰ ਦਿਏ ਸੁਤ ਚਾਰ,
ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ"।

ਇਹ ਵ੍ਰਿਤਾਂਤ ਸੀ ਪੀੜ੍ਹੀ ਅਗਲੀ ਦਾ,
ਪਿਤਾ ਬਣਾ ਚਾਦਰ ਹਿੰਦ ਦੀ
ਜ਼ੁਲਮ,ਜਬਰ ਤੇ ਖਾਤਰ ਧਰਮ
ਨੌਂ ਸਾਲ ਦੀ ਬਾਲੀ ਉਮਰੇ,
ਦਿੱਤਾ ਸੀ ਫਿਰ ਵਾਰ ਜੀ।
ਆਓ ਜਪੀਏ ਨਿੱਤ ਸਰਬੰਸਦਾਨੀ ਤਾਈਂ
ਕਰੀਏ ਯਾਦ ਨਿੱਤ,ਪੂਰੇ ਪਰਿਵਾਰ ਦੀ।

ਨਰੇਸ਼ ਕੁਮਾਰੀ ਸ਼ਰਮਾ
+02041755894






HOUSE OF GOLD & DIAMOND
Sale on Now on All 22ct Gold Jewellery

24 ਕੈਰਟ ਗੋਲਡ ਬਿਸਕੁੱਟ ਦੀ ਸਪੈਸ਼ਲ ਕੀਮਤ ਜਾਨਣ ਲਈ ਫੋਨ ਕਰੋ।
ਇੰਸ਼ੋਰੈਂਸ ਅਤੇ ਜਿਊਲਰੀ ਰਿਪੇਅਰ ਕਰਵਾਉਣ ਵਾਸਤੇ ਵੀ ਮਿਲੋ।
ਨੋਟ: ਇਥੇ ਰਾਸ਼ੀ ਦੇ ਨਗ ਵੀ ਮਿਲਦੇ ਹਨ। ਤੁਸੀਂ ਇਥੋਂ ਵਿਆਹ ਵਾਸਤੇ ਜਾਗੋ ਵੀ ਕਿਰਾਏ ਤੇ ਲੈ ਸਕਦੇ ਹੋ।
7/214 Great South Road, (Next to ASB Bank), Manurewa, AKL
Ph: 09-218 0105, Mob: 022 440 0000
www.glittercollection.co.nz | Email: glitterjewellers@yahoo.co.nz



GTB Horticulture Ltd
Our Commitment - Your Relief

ਫਾਰਮ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।
Pickup & Drop Off Available
Manpreet Singh Dhaliwal 021 147 1502
Manpreet Singh Batth 020 4057 2327
Email: gtb.horticulture@gmail.com


## ਆਸਟ੍ਰੇਲੀਆ: 98 ਕੰਗਾਰੂਆਂ ਦੀ ਮੌਤ ਦੇ ਮਾਮਲੇ 'ਚ ਵਿਅਕਤੀ ਗ੍ਰਿਫਤਾਰ



ਸਿਡਨੀ – ਸਿਡਨੀ ਦੇ ਉੱਤਰ ਵਿੱਚ 98 ਕੰਗਾਰੂ ਮ੍ਰਿਤਕ ਪਾਏ ਜਾਣ ਤੋਂ ਬਾਅਦ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਸ 'ਤੇ ਜਾਨਵਰਾਂ ਨਾਲ ਬੇਰਹਿਮੀ ਦਾ ਦੋਸ਼ ਲਗਾਇਆ ਗਿਆ ਹੈ। ਇਕ ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ ਪੁਲਸ ਨੇ 8 ਅਕਤੂਬਰ ਨੂੰ ਪੂਰਬੀ ਤੱਟਵਰਤੀ ਰਾਜ ਨਿਊ ਸਾਊਥ ਵੇਲਜ਼ (NSW) ਵਿਚ ਸਿਡਨੀ ਤੋਂ ਲਗਭਗ 140 ਕਿਲੋਮੀਟਰ ਉੱਤਰ ਵਿਚ ਸਿੰਗਲਟਨ ਸ਼ਹਿਰ ਵਿਚ ਕੰਗਾਰੂ ਮਰੇ ਹੋਏ ਪਾਏ ਸਨ।

ਕੰਗਾਰੂ ਫੈਡਰਲ ਸਰਕਾਰ ਦੀ ਮਲਕੀਅਤ ਵਾਲੀ ਜ਼ਮੀਨ 'ਤੇ ਮਰੇ ਹੋਏ ਪਾਏ ਗਏ ਸਨ ਅਤੇ ਉਥੇ ਇੱਕ ਹਥਿਆਰ ਅਤੇ ਦੋ ਕਾਰਤੂਸ ਵੀ ਪਏ ਸਨ। ਸੋਮਵਾਰ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ NSW ਪੁਲਸ ਨੇ ਕਿਹਾ ਕਿ ਜਾਂਚ ਤੋਂ ਬਾਅਦ ਇੱਕ 43 ਸਾਲਾ ਵਿਅਕਤੀ ਉੱਤੇ ਘਟਨਾ ਦੇ ਸਬੰਧ ਵਿੱਚ 6 ਅਪਰਾਧਾਂ ਦੇ ਦੋਸ਼ ਲਗਾਏ ਗਏ ਹਨ। ਦੋਸ਼ੀ ਨੂੰ ਸ਼ੁੱਕਰਵਾਰ ਨੂੰ ਸਿੰਗਲਟਨ ਤੋਂ ਲਗਭਗ 70 ਕਿਲੋਮੀਟਰ ਪੂਰਬ ਵਿਚ ਵਿਲੀਅਮਸਟਾਊਨ ਵਿਚ ਇਕ ਜਾਇਦਾਦ 'ਤੇ ਛਾਪੇਮਾਰੀ ਦੌਰਾਨ ਗ੍ਰਿਫਤਾਰ ਕੀਤਾ ਗਿਆ। NSW ਪੁਲਸ ਨੇ ਕਿਹਾ ਕਿ ਇੱਕ ਸਰਚ ਵਾਰੰਟ 'ਤੇ ਕਾਰਵਾਈ ਕਰਦੇ ਹੋਏ ਅਧਿਕਾਰੀਆਂ ਨੇ 3 ਹਥਿਆਰ ਜ਼ਬਤ ਕੀਤੇ। ਖੇਤਰ ਦੀ ਇਕ ਹੋਰ ਜਾਇਦਾਦ ਤੋਂ ਵੀ ਕਈ ਹਥਿਆਰ ਜ਼ਬਤ ਕੀਤੇ ਗਏ।

## ਕ੍ਰਾਈਸਚਰਚ ਨਵੇਂ ਸਾਲ ਦੇ ਰੰਗਾਰੰਗ ਪ੍ਰੋਗਰਾਮ ਹੋਏ ਰੱਦ



ਆਪਣੀ ਭੂਗੋਲਿਕ ਸਥਿਤੀ ਦੇ ਕਾਰਨ, ਨਿਊਜ਼ੀਲੈਂਡ ਨਵੇਂ ਸਾਲ ਦਾ ਸਵਾਗਤ ਕਰਨ ਵਾਲੇ ਦੁਨੀਆ ਦੇ ਪਹਿਲੇ ਦੇਸ਼ਾਂ ਵਿੱਚੋਂ ਇੱਕ ਹੈ। ਜ਼ਿਕਰਯੋਗ ਹੈ ਕਿ ਨਿਊਜ਼ੀਲੈਂਡ ਵਿੱਚ ਨਵਾਂ ਸਾਲ ਦੂਜੇ ਦੇਸ਼ਾਂ ਨਾਲੋਂ ਪਹਿਲਾਂ ਮਨਾਇਆ ਜਾਂਦਾ ਹੈ। ਨਵੇਂ ਸਾਲ ਦਾ ਦਿਨ ਅਤੇ ਅਗਲੇ ਦਿਨ ਨਿਊਜ਼ੀਲੈਂਡ ਵਿੱਚ ਜਨਤਕ ਛੁੱਟੀ ਹੁੰਦੀ ਹੈ।

ਨਿਊਜ਼ੀਲੈਂਡ ਵਿੱਚ ਨਵੇਂ ਸਾਲ 2025 ਦਾ ਜਸ਼ਨ ਸ਼ੁਰੂ ਹੋ ਗਿਆ ਹੈ। ਨਿਊਜ਼ੀਲੈਂਡ 'ਚ ਆਕਲੈਂਡ ਵਿੱਚ ਆਤਿਸ਼ਬਾਜ਼ੀ ਨਾਲ ਨਵੇਂ ਸਾਲ ਦਾ ਸਵਾਗਤ ਕੀਤਾ ਜਾਂਦਾ ਹੈ। ਨਿਊਜ਼ੀਲੈਂਡ ਨਵੇਂ ਸਾਲ ਦਾ ਜਸ਼ਨ ਮਨਾਉਣ ਵਾਲੇ ਪਹਿਲੇ ਸਥਾਨਾਂ ਵਿੱਚੋਂ ਇੱਕ ਹੈ ਆਕਲੈਂਡ ਦਾ ਸਕਾਈ ਟਾਵਰ ਅਤੇ ਹਾਰਬਰ ਬ੍ਰਿਜ। ਪਿਛਲੇ ਸਾਲ ਵੀ ਆਕਲੈਂਡ ਦਾ ਸਕਾਈ ਟਾਵਰ ਨਵੇਂ ਸਾਲ ਦੇ ਜਸ਼ਨਾਂ ਦੌਰਾਨ ਰੋਸ਼ਨ ਕੀਤਾ ਗਿਆ ਸੀ। ਇਸ ਤੋਂ ਇਲਾਵਾ ਹਾਰਬਰ ਪੁਲ ਵੀ ਰੋਸ਼ਨੀ ਵਿੱਚ ਡੁੱਬਿਆ ਦੇਖਿਆ ਗਿਆ ਸੀ। ਇਸ ਦੌਰਾਨ ਲੋਕਾਂ ਨੇ 'ਹੈਪੀ ਨਿਊ ਈਅਰ' ਕਹਿ ਕੇ ਨਵੇਂ ਸਾਲ ਦਾ ਸਵਾਗਤ ਕੀਤਾ ਸੀ।

ਦਰਅਸਲ ਸ਼ਹਿਰ 'ਚ ਨਵੇਂ ਸਾਲ ਦੇ ਮੌਕੇ ਹੋਣ ਵਾਲੇ ਰੰਗਾਰੰਗ ਪ੍ਰੋਗਰਾਮ ਖਰਾਬ ਮੌਸਮ ਦੇ ਕਾਰਨ ਰੱਦ ਕਰ ਦਿੱਤੇ ਹਨ।ਇਹ ਸਮਾਗਮ ਨਾਰਥ ਹੈਗਲੀ ਪਾਰਕ ਵਿੱਚ ਕਰਵਾਏ ਜਾਣੇ ਸਨ।

Mehak E wattan
Fortnightly Newspaper
•Issue-01 • January 2025
www.mehakewattan.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਮਹਾਰਾਜਾ ਸ਼ੇਰ ਸਿੰਘ

**ਲੇਖਕ - ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**



ਸਰਕਾਰ ਨੇ ਇਸ ਸਮੇਂ ਅਤਿ ਪ੍ਰਸੰਨ ਹੋ ਕੇ 15000 ਰੁਪਿਆ ਰੋਕ ਅਤੇ 15000 ਰਪਏ ਦੀ ਜਾਗੀਰ ਦੀਨਾ ਨਗਰ ਦੇ ਪਰਗਨੇ ਵਿਚ ਆਪਣੇ ਪਿਆਰੇ ਸੁਪੱਤਰ ਦਾ ਹੌਂਸਲਾ ਵਧਾਉਣ ਲਈ ਉਸ ਨੂੰ ਬਖ਼ਸ਼ੀ।[2]

### ਸ਼ਹਿਜ਼ਾਦਾ ਸ਼ੇਰ ਸਿੰਘ ਦਾ ਵਿਆਹ

ਸ਼ਹਿਜ਼ਾਦਾ ਸ਼ੇਰ ਸਿੰਘ ਦੀ ਆਯੂ 12 ਸਾਲ ਦੀ ਹੋ ਗਈ ਸੀ। ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿਚ ਸਰਦਾਰਨੀ ਸਦਾ ਕੌਰ ਨੇ ਇੱਛਾ ਪ੍ਰਗਟ ਕੀਤੀ ਕਿ ਕੰਵਰ ਸ਼ੇਰ ਸਿੰਘ ਦਾ ਵਿਆਹ ਕਿਸੇ ਯੋਗ ਘਰਾਣੇ ਵਿਚ ਕੀਤਾ ਜਾਏ। ਪ੍ਰਤੀਤ ਹੁੰਦਾ ਹੈ ਕਿ ਮਹਾਰਾਜਾ ਸਾਹਿਬ ਆਪ ਵੀ ਆਪਣੇ ਬੀਰ ਸਪੁੱਤਰ ਦੇ ਖ਼ੁਸ਼ੀ ਦੇ ਸਮਾਗਮ ਦੇਖਣ ਦੇ ਚਾਹਵਾਨ ਸਨ। ਕਿਉਂਕਿ ਅਸੀਂ ਪੜ੍ਹਦੇ ਹਾਂ ਕਿ ਮਹਾਰਾਜਾ ਸਾਹਿਬ ਨੇ ਤੁਰੰਤ ਹੀ ਸਰਦਾਰਨੀ ਨੂੰ ਆਗਿਆ ਦੇ ਦਿੱਤੀ ਕਿ ਇਸ ਕਾਰਜ ਵੱਲ ਆਪ ਖ਼ੁਦ ਹੀ ਧਿਆਨ ਦੇਵੋ ਅਤੇ ਇਸ ਨੂੰ ਸੰਪੂਰਨਤਾ ਤੱਕ ਪਹੁੰਚਾਉ।

ਸਰਦਾਰਨੀ ਸਦਾ ਕੌਰ ਨੇ ਯੋਗ ਵਿਚਾਰ ਦੇ ਉਪਰੰਤ ਸਰਦਾਰ ਮੋਹਰ ਸਿੰਘ ਨਕੱਈ ਮਿਸਲ ਦੇ ਰਈਸ ਦੇ ਘਰ ਬੀਬੀ 'ਦੇਸਾਂ' ਜੀ ਨਾਲ ਜੋ ਬੜੀ ਰੂਪਵਤੀ ਪ੍ਰਸਿੱਧ ਸੀ, ਸ਼ਹਿਜ਼ਾਦਾ ਸ਼ੇਰ ਸਿੰਘ ਦੀ ਮੰਗਣੀ ਬੜੀ ਸ਼ਾਹਾਨਾ ਧੂਮ-ਧਾਮ ਨਾਲ ਕੀਤੀ। ਮੰਗਣੀ ਨੂੰ ਅਜੇ ਬਹੁਤਾ ਸਮਾਂ ਨਾ ਸੀ ਬੀਤਿਆ ਕਿ 10 ਸਤੰਬਰ ਸੰਨ 1819 ਦਾ ਦਿਨ ਆਨੰਦ ਕਾਰਜ ਲਈ ਨੀਯਤ ਕੀਤਾ ਗਿਆ। ਚੂੰਕਿ ਮਹਾਰਾਜਾ ਸਾਹਿਬ ਇਸ ਸ਼ਾਹਜ਼ਾਦੇ ਨੂੰ ਅਤੀ ਪਿਆਰਦੇ ਹੁੰਦੇ ਸਨ ਇਸ ਲਈ ਇਸ ਦਾ ਵਿਆਹ ਵੀ ਸ਼ਾਨ ਨਾਲ ਕੀਤਾ। ਜਨੇਤ ਪਰ ਜਾਣ ਲਈ ਕਈ ਰਾਜੇ ਅਤੇ ਨਵਾਬ ਆਏ ਸਨ। ਖ਼ਾਲਸਾ ਫ਼ੌਜਾਂ ਦੇ ਵੱਡੇ ਅਫ਼ਸਰ ਅਤੇ ਮੁਲਕ ਦੇ ਉੱਚੇ ਅਹੁਦਿਆਂ ਦੇ ਕਰਮਚਾਰੀਆਂ ਦੀ ਗਿਣਤੀ ਹਜ਼ਾਰਾਂ ਤੱਕ ਪਹੁੰਚੀ ਹੋਈ ਸੀ।

ਇਸ ਦੇ ਉਪਰੰਤ ਇਹ ਅਦੁੱਤੀ ਸ਼ਾਨ ਵਾਲੀ ਜਨੇਤ ਸਰਦਾਰ ਮੋਹਰ ਸਿੰਘ ਦੇ ਘਰ ਜਾ ਢੁੱਕੀ। ਅੱਗੋਂ ਨਕੱਈ ਸਰਦਾਰਾਂ ਆਪਣੇ ਪਤਵੰਤੇ ਪ੍ਰਾਹੁਣਿਆਂ ਦੀ ਆਗਤ ਭਾਗਤ ਆਪਣੀ ਵਿਤੋਂ ਵੱਧ ਕੇ ਕੀਤੀ। ਵਿਸ਼ੇਸ਼ ਕਰਕੇ ਸਰਦਾਰ ਮੋਹਰ ਸਿੰਘ ਨੇ ਇਸ ਸਮੇਂ ਜੋ ਦਾਜ ਆਪਣੀ ਸਪੁੱਤਰੀ ਨੂੰ ਦਿੱਤਾ, ਉਹ ਇੰਨਾ ਵੱਧ ਚੜ੍ਹ ਕੇ ਸੀ ਕਿ ਦੇਖਣ ਵਾਲੇ ਅਸਚਰਜ ਹੋ ਗਏ। ਇਸ ਤਰ੍ਹਾਂ ਇਹ ਕਦੇ ਨਾ ਭੁੱਲਣ ਵਾਲਾ ਸਮਾਗਮ ਬੜੀ ਸਫ਼ਲਤਾ ਨਾਲ ਸੰਪੂਰਨ ਹੋਇਆ।

## ਲੈਲੀ ਤੇ ਕੰਵਰ ਸ਼ੇਰ ਸਿੰਘ

'ਲੈਲੀ' ਸਰਦਾਰ ਯਾਰ ਮੁਹੰਮਦ ਖ਼ਾਨ ਬਾਰਕਜ਼ਈ ਗਵਰਨਰ ਪਿਸ਼ਾਵਰ ਦੇ ਪ੍ਰਸਿੱਧ ਇਤਿਹਾਸਕ ਘੋੜੇ ਦਾ ਨਾਮ ਸੀ, ਜਿਹੜਾ ਉਸ ਸਮੇਂ ਸੁਹੱਪਣ, ਕੱਦ-ਕਾਠ ਅਤੇ ਚਪਲਤਾ ਲਈ ਸਾਰੇ ਦੇਸ਼ ਵਿਚ ਅਦੁੱਤੀ ਮੰਨਿਆ ਜਾਂਦਾ ਸੀ। ਇਤਿਹਾਸ ਵਿਚ ਲਿਖਤ ਮਿਲਦੀ ਹੈ ਕਿ ਇਸ ਘੋੜੇ ਦੇ ਖ਼ਰੀਦਣ ਲਈ ਫ਼ਤਹ ਅਲੀ ਖ਼ਾਨ ਕਾਦਰ, ਸ਼ਾਹ ਈਰਾਨ ਨੇ ਯਾਰ ਮੁਹੰਮਦ ਖ਼ਾਨ ਨੂੰ ਪੰਜਾਹ ਹਜ਼ਾਰ ਰੁਪਿਆ ਦੇਣਾ ਕੀਤਾ ਸੀ ਪਰ ਬਾਰਕਜ਼ਈ ਸਰਦਾਰ ਨੇ ਇਹ ਨਾ ਸੀ ਪਰਵਾਨ ਕੀਤਾ।

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਚੰਗੇ ਘੋੜਿਆਂ ਦਾ ਬੜਾ ਸ਼ੌਕੀਨ ਸੀ। ਸਰਕਾਰ ਨੇ ਜਦ ਇਸ ਘੋੜੇ ਦੀ ਮਹਿਮਾ ਸੁਣੀ ਤਾਂ ਉਹ ਉਸ ਦਾ 'ਮਜਨੂੰ' ਬਣ ਗਿਆ ਅਰਥਾਤ ਉਸ ਦੀ ਪ੍ਰਾਪਤੀ ਲਈ ਆਪਣੇ ਬਾਜਗੁਜ਼ਾਰ (ਟਕੇ ਭਰਵੇਂ) ਗਵਰਨਰ ਯਾਰ ਮੁਹੰਮਦ ਖ਼ਾਨ ਨਾਲ ਲਿਖਾ ਪੜ੍ਹੀ ਕੀਤੀ ਪਰ ਬਾਰਕਜ਼ਈ ਸਰਦਾਰ ਸਦਾ ਟਾਲਮ ਟੋਲਾ ਹੀ ਕਰਦਾ ਰਿਹਾ।

ਸ਼ੇਰਿ ਪੰਜਾਬ ਚਾਹੁੰਦਾ ਸੀ ਕਿ ਇਸ ਘੋੜੇ ਦੇ ਮਾਲਕ ਨੂੰ ਉਸ ਦੀ ਮੰਗ ਅਨੁਸਾਰ ਮੁੱਲ ਦੇ ਕੇ ਇਹ ਘੋੜਾ ਖ਼ਰੀਦ ਲਿਆ ਜਾਏ। ਇਕ ਤਾਂ ਇਹ ਕੰਮ ਸੀ, ਦੂਜਾ ਸੱਯਦ ਐਹਮਦ ਬਰੇਲਵੀ ਨੇ ਪਿਛਲੀ ਭਾਂਜ ਦੇ ਉਪਰੰਤ ਹੁਣ ਮੁੜ ਸਰਹੱਦੀ ਸੂਬੇ ਵਿਚ ਜੰਗ ਦਾ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ ਸੀ, ਇਸ ਨੂੰ ਦਬਾਣਾ ਅਤਿ ਜ਼ਰੂਰੀ ਸਮਝਿਆ।

ਇਨ੍ਹਾਂ ਦੋਹਾਂ ਕਾਰਜਾਂ ਦੀ ਸਫ਼ਲਤਾ ਲਈ ਸ਼ੇਰਿ ਪੰਜਾਬ ਨੇ ਆਪਣੇ ਬਹਾਦਰ ਸਪੁੱਤਰ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਹੀ ਯੋਗ ਸਮਝਿਆ ਅਤੇ ਇਹ ਦੋਵੇਂ ਕਾਰਜ ਉਸ ਨੂੰ ਸੌਂਪ ਕੇ ਹੁਕਮ ਦਿੱਤਾ ਕਿ ਲੋੜ ਅਨੁਸਾਰ ਫ਼ੌਜ ਆਪਣੇ ਨਾਲ ਲੈ ਕੇ ਸਰਹੱਦੀ ਸੂਬੇ ਵੱਲ ਕੂਚ ਕਰ ਦੇਣ।

ਸ਼ਹਿਜ਼ਾਦਾ ਸ਼ੇਰ ਸਿੰਘ ਨੇ ਪਿਤਾ ਤੋਂ ਥਾਪੜਾ ਲੈ ਕੇ 5 ਦਸੰਬਰ ਸੰਨ 1829 ਈ: ਨੂੰ ਸਰਹੱਦੀ ਸੂਬੇ ਵੱਲ ਚਾਲੇ ਪਾ ਦਿੱਤੇ ਅਤੇ ਦਸਵੇਂ ਦਿਨ ਪਿਸ਼ਾਵਰ ਪਹੁੰਚ ਗਏ। ਯਾਰ ਮੁਹੰਮਦ ਖ਼ਾਨ ਗਵਰਨਰ ਪਿਸ਼ਾਵਰ ਨੇ ਸਣੇ ਆਪਣੇ ਪਤਵੰਤੇ ਸੰਬੰਧੀਆਂ ਤੇ ਕਰਮਚਾਰੀਆਂ ਦੇ ਸ਼ਹਿਰ ਤੋਂ ਕਈ ਕੋਹ ਬਾਹਰ ਆ ਕੇ ਸ਼ਹਿਜ਼ਾਦਾ ਸਾਹਿਬ ਦਾ ਸ਼ਾਹਾਨਾ ਸ਼ਾਨ ਨਾਲ ਸਵਾਗਤ ਕੀਤਾ। ਫਿਰ ਗੋਰਖ ਹਟੜੀ ਦੇ ਕਿਲ੍ਹੇ ਵਿਚ, ਜਿਸ ਨੂੰ ਕਈ ਤਰ੍ਹਾਂ ਨਾਲ ਸਜਾਇਆ ਗਿਆ ਸੀ, ਉਨ੍ਹਾਂ ਨੂੰ ਉਤਾਰਾ ਦਿੱਤਾ।[1]

### ਲੈਲੀ ਮਰ ਗਿਆ

ਦੋ ਕੁ ਦਿਨ ਆਰਾਮ ਕਰਨ ਦੇ ਉਪਰੰਤ ਸ਼ਹਿਜ਼ਾਦੇ ਨੇ ਯਾਰ ਮੁਹੰਮਦ ਖ਼ਾਨ ਦੇ ਸਾਹਮਣੇ ਲੈਲੀ ਬਾਰੇ ਮਹਾਰਾਜਾ ਸਾਹਿਬ ਦੀ ਇੱਛਾ ਪ੍ਰਗਟ ਕੀਤੀ। ਇਸ ਪਰ ਸਰਦਾਰ ਯਾਰ ਮੁਹੰਮਦ ਖ਼ਾਨ ਨੇ ਦੱਸਿਆ ਕਿ ਲੈਲੀ ਕੋਈ ਪੰਦਰਾਂ ਦਿਨ ਹੋਏ ਮਰ ਗਿਆ ਹੈ।

ਸ਼ਹਿਜ਼ਾਦਾ ਸ਼ੇਰ ਸਿੰਘ ਆਪਣੇ ਸਮੇਂ ਦਾ ਬੜਾ ਚਤਰ ਸਿਆਣਾ ਮੰਨਿਆ ਜਾਂਦਾ ਸੀ, ਆਪ ਨੂੰ ਬਾਰਕਜ਼ਈ ਸਰਦਾਰ ਦੇ ਇਸ ਕਹਿਣ ਪਰ ਭਰੋਸਾ ਨਾ ਹੋਇਆ ਅਤੇ ਖ਼ੁਫ਼ੀਆ ਤਰੀਕੇ ਨਾਲ ਇਸ ਗੱਲ ਦੀ ਸੱਚਾਈ ਲੱਭਣ ਲਈ ਪੁੱਛ-ਗਿੱਛ ਦਾ ਹੁਕਮ ਦੇ ਦਿੱਤਾ।

### ਲੈਲੀ ਜੀ ਪਿਆ

ਅਜੇ ਬਹੁਤੇ ਦਿਨ ਨਾ ਸੀ ਬੀਤੇ ਕਿ ਸਾਰੇ ਮਾਮਲੇ ਦਾ ਭੇਦ ਖੁੱਲ੍ਹ ਗਿਆ। ਪਤਾ ਲੱਗਾ ਕਿ ਲੈਲੀ ਜੀਂਵਦਾ ਹੈ ਅਤੇ ਯਾਰ ਮੁਹੰਮਦ ਖ਼ਾਨ ਨੇ ਉਸ ਨੂੰ ਪਿਸ਼ਾਵਰ ਤੋਂ ਤਹਿਕਾਲ ਭੇਜ ਦਿੱਤਾ ਹੈ ਜਿਥੇ ਉਹ ਇਸ ਵਕਤ ਅਰਬਾਬ ਮੁਹੰਮਦ ਖ਼ਾਨ ਦੇ ਤਬੇਲੇ ਵਿਚ ਰਾਜ਼ੀ ਖ਼ੁਸ਼ੀ ਖੜ੍ਹਾ ਹੈ।

ਅਗਲੇ ਦਿਨ ਸ਼ਹਿਜ਼ਾਦੇ ਨੇ ਸਰਦਾਰ ਯਾਰ ਮੁਹੰਮਦ ਖ਼ਾਨ ਨੂੰ ਆਪਣੇ ਪਾਸ ਬੁਲਾਇਆ, ਪਰ ਰੰਜ ਹੋਣ ਦੀ ਥਾਂ, ਸੁੱਘੜ ਸ਼ਹਿਜ਼ਾਦੇ ਨੇ ਉਸ ਨੂੰ ਬੜੇ ਪਿਆਰ ਤੇ ਨਰਮੀ ਨਾਲ ਸਮਝਾਇਆ ਕਿ ਮਹਾਰਾਜਾ ਸਾਹਿਬ ਨੇ ਮੈਨੂੰ ਖੁੱਲ੍ਹੀ ਆਗਿਆ ਬਖ਼ਸ਼ੀ ਹੈ ਸੋ ਸਾਡੇ ਤੋਂ ਘੋੜੇ ਦੀ ਮੂੰਹ ਮੰਗੀ ਕੀਮਤ ਵੀ ਲਵੋ ਅਤੇ ਨਾਲ ਸਰਕਾਰ ਦੀ ਖ਼ੁਸ਼ੀ ਦਾ ਭਾਈਵਾਲ ਵੀ ਬਣੋ।

### ਲੈਲੀ ਮਿਲ ਗਿਆ

ਇਸ ਸਮੇਂ ਸ਼ਹਿਜ਼ਾਦਾ ਸ਼ੇਰ ਸਿੰਘ ਦੀ ਗੱਲਬਾਤ ਦਾ ਢੰਗ ਐਸਾ ਸੁਚੱਜਤਾ ਅਤੇ ਪ੍ਰਭਾਵਸ਼ਾਲੀ ਸੀ ਕਿ ਯਾਰ ਮੁਹੰਮਦ ਖ਼ਾਨ ਸ਼ਹਿਜ਼ਾਦੇ ਦੇ ਸਾਹਮਣੇ ਬੜਾ ਲੱਜਿਤ ਹੋਇਆ ਅਤੇ ਹੁਣ ਖ਼ੁਸ਼ੀ ਨਾਲ ਘੋੜਾ ਦੇਣਾ ਪ੍ਰਵਾਨ ਕਰ ਲਿਆ। ਕੰਵਰ ਸਾਹਿਬ ਨੇ ਉਸ ਨੂੰ ਇਸ ਘੋੜੇ ਲਈ (60,000) ਸੱਠ ਹਜ਼ਾਰ ਰੁਪਿਆ ਨਕਦ ਅਤੇ 25,000 ਰੁਪਏ ਦੀ ਸਲਾਨਾ ਜਾਗੀਰ ਬਖ਼ਸ਼ੀ। ਸ਼ਹਿਜ਼ਾਦੇ ਦੀ ਇਹ ਖੁੱਲ-ਦਿਲੀ ਦੇਖ ਕੇ ਯਾਰ ਮੁਹੰਮਦ ਖ਼ਾਨ ਅਤਿ ਪ੍ਰਸੰਨ ਹੋਇਆ ਅਤੇ ਲੈਲੀ ਘੋੜਾ ਮੰਗਵਾ ਕੇ ਸ਼ਹਿਜ਼ਾਦੇ ਦੀ ਸੇਵਾ ਵਿਚ ਹਾਜ਼ਰ ਕਰ ਦਿੱਤਾ। ਸ਼ਹਿਜ਼ਾਦਾ ਇਸ ਘੋੜੇ ਦਾ ਸੁਹੱਪਣ, ਕੱਦ ਅਤੇ ਰੰਗ ਰੂਪ ਦੇਖ ਕੇ ਪ੍ਰਸੰਨ ਹੋ ਗਿਆ। ਇਸ ਦਾ ਰੰਗ ਗੂੜ੍ਹਾ ਕੁਮੇਤ ਅਤੇ ਹੇਠੋਂ ਚਾਰ ਪੈਰ ਕਾਲੇ ਸਨ, ਇਸ ਦੀ ਉਚਾਈ ਪੂਰੇ 16 ਹੱਥ ਸੀ[1], ਬਰੀਕ ਨਿੱਕੇ-ਨਿੱਕੇ ਕੰਨ ਮਸਤਕ ਤੋਂ ਲੈ ਕੇ ਨਾਸਾਂ ਤੱਕ ਇਕ ਚਿੱਟਾ ਟਿੱਕਾ ਇਸ ਦੀ ਛਬ ਨੂੰ ਦੂਣਾ ਕਰ ਦਿੰਦਾ ਸੀ। ਜਦ ਯਾਰ ਮੁਹੰਮਦ ਖ਼ਾਨ ਨੇ ਘੋੜੇ ਦੀ ਵਾਗਡੋਰ ਸ਼ਹਿਜ਼ਾਦੇ ਦੇ ਹੱਥ ਸੌਂਪੀ ਤਾਂ ਅੱਗੋਂ ਸ਼ਹਿਜ਼ਾਦੇ ਨੇ ਸ਼ਾਹੀ ਮਰਿਯਾਦਾ ਅਨੁਸਾਰ 1500 ਰੁਪਿਆ ਇਸ ਘੋੜੇ ਦੇ ਰਖਵਾਲਿਆਂ ਲਈ 'ਵਾਗ ਫੜਾਈ' ਵਜੋਂ ਬਖ਼ਸ਼ੀਸ਼ ਦਿੱਤਾ ਅਤੇ ਘੋੜੇ ਨੂੰ ਆਪਣਿਆਂ ਘੋੜਿਆਂ ਨਾਲ ਥਾਨ ਪੁਰ ਬੰਨ੍ਹ ਦਿੱਤਾ।

### ਲੈਲੀ ਚਲਿਆ ਗਿਆ

ਆਪਣੇ ਆਲੇ-ਦੁਆਲੇ ਨਵਿਆਂ ਘੋੜਿਆਂ ਨੂੰ ਦੇਖ ਕੇ ਲੈਲੀ ਬੜਾ ਵਿਆਕੁਲ ਦਿਸਦਾ ਸੀ ਤੇ ਜ਼ੋਰ ਜ਼ੋਰ ਦਾ ਹਿਣ-ਹਿਣਾਂਵਦਾ ਅਤੇ ਜ਼ਮੀਨ ਪਰ ਪੈਰ ਮਾਰਦਾ ਸੀ।

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ




Harcourts Topline
Licensed Agent REAA 2008
Your home is One of your most valuable
asset
We are a complete One stop shop for all your Real Estate needs
We offer the following services:
Residential Sales
Rental Property Management (REINZ Accredited PM Company)
Business Sales
Commercial Sales
Commercial Leasing
Call The Topline TEAM
for any of your Real Estate needs & more
ਘਰ ਖਰੀਦਣ ਅਤੇ ਵੇਚਣ ਲਈ
ਸੰਪਰਕ ਕਰੋ।
Hardev Brar
M: 027 442 7338
Mehul Mody
M: 021 990 080
E: Hardev.brar@harcourts.co.nz
E: mehul.mody@harcourts.co.nz
M 027442 7338 P 09 620 6222
hardev.brar@harcourts.co.nz www.toplinerealty.co.nz , 206 Stoddard Road, Mt Roskill, Auckland


DH
SUPERMARKET
ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ
ਤਾਜ਼ਾ ਸਬਜੀਆਂ ਮਿਲਦੀਆਂ ਹਨ।
PAPATOETOE
141 Kolmar Road, Paptoetoe
FLATBUSH
46 Ormiston Road, East Tamaki
PAPAKURA
38 O Shannessey Street, Papakura


SPARKELS
JEWELLERS
SPARKLE YOUR LIFE WITH SPARKLE JAWELLER
We Buy Gold Diamond & Coins
22kt., 9kt, 18kt & Diamond Jewellery
Jewellery Valuation
Jewellery Repairing
Lucky Stones
208, Great South Road Papatoetoe
Ph: 0800 030377
CALL: G S HAPPY
DDI 093901041

# 15,000 ਤੋਂ ਜ਼ਿਆਦਾ ਵੈੱਬਸਾਈਟਸ ਤੇ ਇੰਫਲੂਐਂਸਰਸ ‘ਤੇ ਲੱਗਾ ਬੈਨ




ਨਵੀਂ ਦਿੱਲੀ - ਜੇਕਰ ਤੁਸੀਂ ਵੀ ਯੂਟਿਊਬ ਅਤੇ ਇੰਸਟਾਗ੍ਰਾਮ ‘ਤੇ ਸ਼ੇਅਰ ਬਾਜ਼ਾਰ ਤੋਂ ਕਮਾਈ ਕਰਦੇ ਹੋ ਤਾਂ ਇਹ ਖਬਰ ਤੁਹਾਡੇ ਲਈ ਅਹਿਮ ਹੋ ਸਕਦੀ ਹੈ। ਅੱਜਕੱਲ੍ਹ, ਸੋਸ਼ਲ ਮੀਡੀਆ ‘ਤੇ ਬਹੁਤ ਸਾਰੇ ਲੋਕ ਇੰਫਲੂਐਂਸਰ ਹੋਣ ਦਾ ਦਾਅਵਾ ਕਰਦੇ ਹਨ ਅਤੇ ਸਟਾਕ ਮਾਰਕੀਟ ਟਿਪਸ ਅਤੇ ਸਟਾਕਾਂ ਦੀ ਸਿਫਾਰਸ਼ ਕਰਦੇ ਹਨ। ਹਾਲਾਂਕਿ, ਜੇਕਰ ਤੁਸੀਂ ਵੀ ਅਜਿਹਾ ਕਰਦੇ ਹੋ, ਤਾਂ ਤੁਹਾਨੂੰ ਸਾਵਧਾਨ ਰਹਿਣ ਦੀ ਜ਼ਰੂਰਤ ਹੈ, ਕਿਉਂਕਿ ਸੇਬੀ (ਸਿਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਨੇ ਅਜਿਹੇ ਲੋਕਾਂ ਦੇ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਸਾਲ 2024 ‘ਚ ਸ਼ੇਅਰ ਬਾਜ਼ਾਰ ਨਾਲ ਜੁੜੀ ਗਲਤ ਜਾਣਕਾਰੀ ਦੇਣ ਵਾਲੇ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਕਈ ਲੋਕਾਂ ਖਿਲਾਫ ਕਾਰਵਾਈ ਕੀਤੀ ਗਈ ਹੈ। ਹਾਲ ਹੀ ਵਿੱਚ, ਇਹਨਾਂ ਪ੍ਰਮੁੱਖ ਇੰਫਲੂਐਂਸਰਾਂ ਵਿੱਚੋਂ ਇੱਕ ਦੇ ਖਿਲਾਫ ਸਖਤ ਕਦਮ ਚੁੱਕੇ ਗਏ ਹਨ। ਇਸ ਦੇ ਨਾਲ ਹੀ ਸੇਬੀ ਨੇ 15,000 ਤੋਂ ਜ਼ਿਆਦਾ ਵੈੱਬਸਾਈਟਾਂ ‘ਤੇ ਵੀ ਪਾਬੰਦੀ ਲਗਾ ਦਿੱਤੀ ਹੈ, ਜੋ ਸਟਾਕ ਟਿਪਸ ਅਤੇ ਸਿਫਾਰਿਸ਼ਾਂ ਨਾਲ ਜੁੜੀ ਸਮੱਗਰੀ ਫੈਲਾ ਰਹੀਆਂ ਸਨ। ਸੇਬੀ ਦੀ ਇਸ ਕਾਰਵਾਈ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ਸੋਸ਼ਲ ਮੀਡੀਆ ‘ਤੇ ਗਲਤ ਜਾਣਕਾਰੀ ਦੇਣ ਵਾਲੇ ਵਿਅਕਤੀਆਂ ਅਤੇ ਪਲੇਟਫਾਰਮਾਂ ‘ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਇਕ ਰਿਪੋਰਟ ਮੁਤਾਬਕ ਸੇਬੀ ਨੇ ਸ਼ੇਅਰ ਬਾਜ਼ਾਰ ‘ਚ ਨਿਵੇਸ਼ ਦੇ ਨਾਂ ‘ਤੇ ਗਲਤ ਜਾਣਕਾਰੀ ਦੇਣ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਲੋਕਾਂ ਖਿਲਾਫ ਇਸ ਸਾਲ ਦੀ ਸਭ ਤੋਂ ਵੱਡੀ ਕਾਰਵਾਈ ਕੀਤੀ ਹੈ। ਸੇਬੀ ਨੇ 15,000 ਤੋਂ ਵੱਧ ਸਾਈਟਾਂ ਅਤੇ ਬਹੁਤ ਸਾਰੇ ਵਿੱਤੀ ਇੰਫਲੂਐਂਸਰਾਂ ‘ਤੇ ਪਾਬੰਦੀ ਲਗਾਈ ਹੈ। ਇਨ੍ਹਾਂ ਲੋਕਾਂ ‘ਤੇ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਲੋਕਾਂ ਨੂੰ ਗਲਤ ਜਾਣਕਾਰੀ ਦੇਣ ਦਾ ਦੋਸ਼ ਹੈ। ਇਸ ਨਾਲ ਨਾ ਸਿਰਫ਼ ਲੋਕਾਂ ਨੂੰ ਗੁੰਮਰਾਹ ਕੀਤਾ ਗਿਆ ਸਗੋਂ ਉਨ੍ਹਾਂ ਦਾ ਭਾਰੀ ਨੁਕਸਾਨ ਵੀ ਹੋਇਆ। ਤੁਹਾਨੂੰ ਦੱਸ ਦੇਈਏ ਕਿ ਸਟਾਕ ਮਾਰਕੀਟ ਵਿੱਚ ਨਿਵੇਸ਼ ਕਰਨਾ ਬਾਜ਼ਾਰ ਦੇ ਜੋਖਮਾਂ ਦੇ ਅਧੀਨ ਹੈ। ਜੇਕਰ ਤੁਸੀਂ ਕੋਈ ਨਿਵੇਸ਼ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਪਹਿਲਾਂ ਆਪਣੇ ਵਿੱਤੀ ਸਲਾਹਕਾਰ ਦੀ ਸਲਾਹ ਜ਼ਰੂਰ ਲਓ।

ਇਸ ਸਾਲ ਆਪਣੀ ਕਾਰਵਾਈ ਵਿੱਚ, ਸੇਬੀ ਨੇ ਫਾਈਨਾਂਸਰ ਰਵਿੰਦਰ ਬਾਲੂ ਭਾਰਤੀ ਅਤੇ ਨਸੀਰੂਦੀਨ ਅੰਸਾਰੀ ‘ਤੇ ਪਾਬੰਦੀ ਲਗਾ ਦਿੱਤੀ ਹੈ। ਅੰਸਾਰੀ ਸੋਸ਼ਲ ਮੀਡੀਆ ਪਲੇਟਫਾਰਮ ਯ (ਪਹਿਲਾਂ ਟਵਿੱਟਰ) ‘ਤੇ ‘ਬਾਪ ਆਫ਼ ਚਾਰਟ’ ਦੇ ਨਾਮ ਹੇਠ ਸਰਗਰਮ ਸੀ, ਜਿੱਥੇ ਉਹ ਅਕਸਰ ਲੋਕਾਂ ਨੂੰ ਸ਼ੇਅਰ ਖਰੀਦਣ ਅਤੇ ਵੇਚਣ ਦੀ ਸਲਾਹ ਦਿੰਦਾ ਸੀ। ਮਾਮਲਾ ਸੇਬੀ ਕੋਲ ਪਹੁੰਚਣ ਤੋਂ ਬਾਅਦ, ਸੇਬੀ ਨੇ ਅੰਸਾਰੀ ਅਤੇ ਉਸਦੇ ਸਾਥੀਆਂ ਨੂੰ ਇੱਕ ਐਸਕ੍ਰੋ ਖਾਤਾ ਖੋਲ੍ਹਣ ਅਤੇ 17 ਕਰੋੜ ਰੁਪਏ ਜਮ੍ਹਾ ਕਰਨ ਦਾ ਆਦੇਸ਼ ਦਿੱਤਾ। ਸੇਬੀ ਨੇ ਇਹ ਵੀ ਕਿਹਾ ਕਿ ਇਸ ਪੈਸੇ ਦੀ ਵਰਤੋਂ ਉਨ੍ਹਾਂ ਨਿਵੇਸ਼ਕਾਂ ਦੇ ਪੈਸੇ ਵਾਪਸ ਕਰਨ ਲਈ ਕੀਤੀ ਜਾਵੇਗੀ, ਜਿਨ੍ਹਾਂ ਦਾ ਪੈਸਾ ਉਨ੍ਹਾਂ ਦੀ ਸਲਾਹ ਕਾਰਨ ਡੁੱਬ ਗਿਆ ਸੀ। ਇਸ ਤੋਂ ਇਲਾਵਾ ਅੰਸਾਰੀ ਤੇ 20 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ।






iColour Graphics T/A
iSIGNS
DESIGN
PRINT
SIGN
PRINTING
BUSINESS CARDS
FLYERS
PHOTOCOPY
LAMINATION
BINDING & MORE...
SIGNAGE
SHOP SIGNS
VEHICLE SIGNS
FOOTPATH SIGNS
PULL-UP BANNERS
POSTERS & MORE...

Ph: 0800 03 03 99 | Mob: 021 670 590
Email: icolourgraphics@gmail.com
Unit 5/2 Tironui Station Road West, Takanini

Beautiful Smiles For Life...
CLENDON DENTAL CENTRE LTD
15 Palmers Road Clendon, Auckland
Ph: 09 266 0769, Mob: 022 040 9399
PAPATOETOE FAMILY DENTIST
133 Kolmar Road Papatoetoe, Auckland
(Inside East Tamaki Health Care)
Ph: 09 279 9100, Mob: 021 659 934
ਇਥੇ ਹਰ ਤਰਾਂ ਦੇ ਦੰਦਾਂ ਦਾ ਇਲਾਜ ਕੀਤਾ ਜਾਂਦਾ ਹੈ।

Dr. Inderpal Singh (BDS)

Dr. Kiranpal Kaur (BDS)
ਆਪਣੀ ਪੰਜਾਬੀ ਭਾਸ਼ਾ ਬੋਲਣ ਵਾਲੇ ਡਾਕਟਰਾਂ ਨਾਲ ਗੱਲ ਕਰੋ।
FREE WINZ QUOTES & ACC ACCIDENTS
Mon to Fri: 9.00am - 6.00pm

# ਨਵੇਂ ਸਾਲ 'ਚ ਘਟੇਗਾ ਸਾਈਬਰ ਕ੍ਰਾਈਮ ਦਾ ਖ਼ਤਰਾ, RBI ਨੇ ਜਾਰੀ ਕੀਤੇ ਨਿਰਦੇਸ਼



ਨਵੀਂ ਦਿੱਲੀ - ਸਾਈਬਰ ਧੋਖੇਬਾਜ਼ ਲੋਕਾਂ ਨੂੰ ਠੱਗਣ ਲਈ ਨਵੇਂ-ਨਵੇਂ ਤਰੀਕੇ ਲੱਭ ਰਹੇ ਹਨ। ਇਸ ਸਾਈਬਰ ਧੋਖਾਧੜੀ ਤੋਂ ਬਚਾਉਣ ਲਈ ਆਰਬੀਆਈ ਨੇ ਪ੍ਰਭਾਵਸ਼ਾਲੀ ਪਹਿਲਕਦਮੀਆਂ ਕੀਤੀਆਂ ਹਨ। ਹੁਣ ਤੱਕ, ਠਘਸ਼ ਅਤੇ ੰਓਢਠ ਰਾਹੀਂ ਪੈਸੇ ਟ੍ਰਾਂਸਫਰ ਕਰਦੇ ਸਮੇਂ, ਲਾਭਪਾਤਰੀ ਦਾ ਖਾਤਾ ਨੰਬਰ ਅਤੇ ਨਾਮ ਹੱਥੀਂ ਦਰਜ ਕਰਨਾ ਪੈਂਦਾ ਸੀ। 1 ਅਪ੍ਰੈਲ ਤੋਂ, ਖਾਤਾ ਨੰਬਰ ਦਰਜ ਹੁੰਦੇ ਹੀ ਲਾਭਪਾਤਰੀ ਦਾ ਨਾਮ ਆ ਜਾਵੇਗਾ। ਇਸ ਵਿਵਸਥਾ ਨਾਲ ਡਿਜ਼ੀਟਲ ਤੌਰ 'ਤੇ ਗ੍ਰਿਫਤਾਰ ਵਿਅਕਤੀ ਨੂੰ ਪਤਾ ਲੱਗ ਜਾਵੇਗਾ ਕਿ ਉਹ ਕਿਸ ਦੇ ਖਾਤੇ 'ਚ ਪੈਸੇ ਜਮ੍ਹਾ ਕਰ ਰਿਹਾ ਹੈ।

ਕੇਂਦਰੀ ਬੈਂਕ ਨੇ ਸਾਈਬਰ ਧੋਖਾਧੜੀ ਤੋਂ ਬਚਣ ਲਈ ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ ਇੰਡੀਆ (ੰਫਛੀ) ਨੂੰ ਨਵੀਂ ਪ੍ਰਣਾਲੀ ਬਣਾਉਣ ਲਈ ਕਿਹਾ ਹੈ। ਦਿੱਲੀ ਹਾਈ ਕੋਰਟ ਨੇ ਸੋਮਵਾਰ ਨੂੰ ਆਰਬੀਆਈ ਨੂੰ ਆਰਟੀਜੀਐਸ ਅਤੇ ਐਨਈਐਫਟੀ ਵਰਗੇ ਭੁਗਤਾਨ ਤਰੀਕਿਆਂ ਵਿੱਚ ਲਾਭਪਾਤਰੀ ਦੇ ਨਾਮ ਦੀ ਪੁਸ਼ਟੀ ਕਰਨ ਦੀ ਪ੍ਰਣਾਲੀ ਨੂੰ ਲਾਗੂ ਕਰਨ ਲਈ ਵੀ ਕਿਹਾ ਸੀ। ਆਰਬੀਆਈ ਨੇ ਇੱਕ ਸਰਕੂਲਰ ਜਾਰੀ ਕਰਦੇ ਹੋਏ ਕਿਹਾ ਕਿ ਸਾਰੇ ਬੈਂਕ, ਜੋ ਠਘਸ਼ ਅਤੇ ੰਓਢਠ ਸਿਸਟਮ ਦਾ ਹਿੱਸਾ ਹਨ, ਨੂੰ 1 ਅਪ੍ਰੈਲ, 2025 ਤੋਂ ਪਹਿਲਾਂ ਆਪਣੇ ਗਾਹਕਾਂ ਨੂੰ ਇਹ ਸਹੂਲਤ ਪ੍ਰਦਾਨ ਕਰਨੀ ਹੋਵੇਗੀ। ਇਸ ਨਾਲ ਗਾਹਕਾਂ ਨੂੰ ਸੁਰੱਖਿਅਤ ਲੈਣ-ਦੇਣ ਦੀ ਸਹੂਲਤ ਮਿਲੇਗੀ।

ਵਰਤਮਾਨ ਵਿੱਚ, ਫੀ ਅਤੇ ਤਤਕਾਲ ਭੁਗਤਾਨ ਸੇਵਾ (ੀਫਸ਼) ਸਿਸਟਮ ਪੈਸੇ ਟ੍ਰਾਂਸਫਰ ਕਰਦੇ ਸਮੇਂ ਲਾਭਪਾਤਰੀ ਦੇ ਨਾਮ ਦੀ ਪੁਸ਼ਟੀ ਕਰਨ ਦੀ ਸਹੂਲਤ ਪ੍ਰਦਾਨ ਕਰਦੇ ਹਨ। ਹੁਣ, ਠਘਸ਼ ਅਤੇ ੰਓਢਠ ਵਰਗੇ ਭੁਗਤਾਨ ਪ੍ਰਣਾਲੀਆਂ ਵਿੱਚ ਭਾਗ ਲੈਣ ਵਾਲੇ ਬੈਂਕ ਵੀ ਗਾਹਕਾਂ ਨੂੰ ਇੰਟਰਨੈਟ ਬੈਂਕਿੰਗ ਅਤੇ ਮੋਬਾਈਲ ਬੈਂਕਿੰਗ ਰਾਹੀਂ ਇਹ ਸਹੂਲਤ ਪ੍ਰਦਾਨ ਕਰਨਗੇ। ਇਸ ਦਾ ਮਤਲਬ ਹੈ ਕਿ ਗਾਹਕ ਹੁਣ ਇਨ੍ਹਾਂ ਤਰੀਕਿਆਂ ਰਾਹੀਂ ਪੈਸੇ ਟ੍ਰਾਂਸਫਰ ਕਰਦੇ ਸਮੇਂ ਲਾਭਪਾਤਰੀ ਦਾ ਨਾਂ ਆਸਾਨੀ ਨਾਲ ਚੈੱਕ ਕਰ ਸਕਣਗੇ, ਜਿਸ ਨਾਲ ਧੋਖਾਧੜੀ ਤੋਂ ਬਚਿਆ ਜਾ ਸਕੇਗਾ।

# ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਬਾਰਡਰ ਸਟਾਫ ਦਾ ਵੱਡਾ ਐਲਾਨ







ਨਵੇਂ ਸਾਲ ਦੀ ਸ਼ੁਰੂਆਤ ਤੋਂ ਪਹਿਲਾਂ ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਬਾਰਡਰ ਸਟਾਫ ਨੇ ਇੱਕ ਵੱਡਾ ਐਲਾਨ ਕੀਤਾ ਹੈ। ਦਰਅਸਲ ਸਟਾਫ ਨੇ ਸਰਕਾਰ ਵੱਲੋਂ ਤਨਖ਼ਾਹ 'ਚ ਵਾਧੇ ਦੀ ਮੰਗ ਨੂੰ ਨਾ ਮੰਨਣ ਤੋਂ ਬਾਅਦ ਹੜਤਾਲ ਕਰਨ ਦਾ ਐਲਾਨ ਕੀਤਾ ਹੈ। ਇੱਕ ਰਿਪੋਰਟ ਅਨੁਸਾਰ ਲਗਭਗ 100 ਪਬਲਿਕ ਸਰਵਿਸ ਅਸੋਸੀਏਸ਼ਨ (ਫਸ਼ਅ) ਮੈਂਬਰ ਜੋ ਬਾਰਡਰ ਤੇ ਕੰਮ ਕਰਦੇ ਹਨ, 31 ਦਸੰਬਰ ਨੂੰ ਸਵੇਰੇ 6 ਵਜੇ ਤੋਂ 20 ਜਨਵਰੀ ਤੱਕ ਹੜਤਾਲ ਵਿੱਚ ਸ਼ਾਮਿਲ ਹੋਣਗੇ। ਇਸ ਹੜਤਾਲ ਦੌਰਾਨ ਕਰਮਚਾਰੀ ਅਦਾਇਗੀ ਰਹਿਤ ਕੰਮ ਕਰਨ ਤੋਂ ਇਨਕਾਰ ਕਰਨਗੇ ਅਤੇ ਖਾਣੇ ਤੇ ਅਤੇ ਹੋਰ ਬ੍ਰੇਕ ਸਾਰੇ ਕਰਮਚਾਰੀ ਇੱਕੋ ਸਮੇਂ ਲੈਣਗੇ। ਜ਼ਿਕਰਯੋਗ ਹੈ ਕਿ ਇਸ ਹੜਤਾਲ ਦੇ ਕਾਰਨ ਆਮ ਲੋਕਾਂ ਨੂੰ ਖੱਜਲ-ਖੁਆਰ ਹੋਣਾ ਪਏਗਾ।








# ਕੇਰਲ ਦੀ ਨਰਸ ਨਿਮਿਸ਼ਾ ਨੂੰ ਯਮਨ ਦੇ ਰਾਸ਼ਟਰਪਤੀ ਨੇ ਫਾਂਸੀ ਨੂੰ ਦਿੱਤੀ ਮਨਜ਼ੂਰੀ



ਨਵੀਂ ਦਿੱਲੀ- ਯਮਨ ਵਿਚ ਕੰਮ ਕਰਨ ਗਈ ਇਕ ਭਾਰਤੀ ਨਰਸ ਨਿਮਿਸ਼ਾ ਪ੍ਰਿਆ ਨੂੰ ਕਤਲ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਨੂੰ ਯਮਨ ਦੇ ਰਾਸ਼ਟਰਪਤੀ ਵੱਲੋਂ ਮਨਜੂਰੀ ਦੇ ਦਿੱਤੀ ਗਈ ਹੈ। ਸੋਮਵਾਰ ਨੂੰ, ਯਮਨ ਦੇ ਰਾਸ਼ਟਰਪਤੀ ਰਸ਼ਦ ਅਲ-ਅਲੀਮੀ ਨੇ ਕੇਰਲ ਦੀ ਨਰਸ ਲਈ ਮੌਤ ਦੀ ਸਜ਼ਾ ਦੇ ਅੰਤਿਮ ਆਦੇਸ਼ ‘ਤੇ ਦਸਤਖਤ ਕੀਤੇ। ਰਿਪੋਰਟਾਂ ਮੁਤਾਬਕ ਉਸ ਨੂੰ ਇਕ ਮਹੀਨੇ ਦੇ ਅੰਦਰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਨਿਮਿਸ਼ਾ 2017 ਤੋਂ ਯਮਨ ਦੀ ਜੇਲ੍ਹ ਵਿੱਚ ਬੰਦ ਹੈ। ਯਮਨ ਦੇ ਰਾਸ਼ਟਰਪਤੀ ਦਾ ਇਹ ਫੈਸਲਾ ਪ੍ਰਿਆ ਦੇ ਪਰਿਵਾਰ ਲਈ ਵੱਡਾ ਝਟਕਾ ਹੈ। ਪਰਿਵਾਰ ਆਪਣੀ 36 ਸਾਲਾ ਧੀ ਨੂੰ ਮੌਤ ਦੀ ਸਜ਼ਾ ਤੋਂ ਬਚਾਉਣ ਲਈ ਕਾਫੀ ਸਮੇਂ ਤੋਂ ਕੋਸ਼ਿਸ਼ ਕਰ ਰਿਹਾ ਸੀ। ਨਿਮਿਸ਼ਾ ਨੂੰ ਬਚਾਉਣ ਲਈ ਬਲੱਡ ਮਨੀ ਦੇਣ ਦੀ ਕੋਸ਼ਿਸ਼ ਕੀਤੀ ਗਈ ਅਤੇ ਰਾਸ਼ਟਰਪਤੀ ਤੋਂ ਮਾਫੀ ਵੀ ਮੰਗੀ ਗਈ ਪਰ ਨਾ ਤਾਂ ਬਲੱਡ ਮਨੀ ‘ਤੇ ਗੱਲ ਬਣੀ ਅਤੇ ਨਾ ਹੀ ਰਾਸ਼ਟਰਪਤੀ ਤੋਂ ਮਾਫੀ ਮਿਲ ਸਕੀ।

ਉਥੇ ਹੀ ਭਾਰਤ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਯਮਨ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੀ ਭਾਰਤੀ ਨਰਸ ਦੇ ਮਾਮਲੇ ਵਿਚ ਸਬੰਧਤ ਵਿਕਲਪਾਂ ਦੀ ਖੋਜ ਕਰਨ ਲਈ ਹਰ ਸੰਭਵ ਸਹਾਇਤਾ ਮੁਹੱਈਆ ਕਰਵਾ ਰਿਹਾ ਹੈ। ਵਿਦੇਸ਼ ਮੰਤਰਾਲਾ (MEA) ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, ‘ਅਸੀਂ ਯਮਨ ਵਿੱਚ ਸ਼੍ਰੀਮਤੀ ਨਿਮਿਸ਼ਾ ਪ੍ਰਿਆ ਦੀ ਸਜ਼ਾ ਤੋਂ ਜਾਣੂ ਹਾਂ। ਅਸੀਂ ਸਮਝਦੇ ਹਾਂ ਕਿ ਪ੍ਰਿਆ ਦਾ ਪਰਿਵਾਰ ਸਬੰਧਤ ਵਿਕਲਪਾਂ ‘ਤੇ ਵਿਚਾਰ ਕਰ ਰਿਹਾ ਹੈ।‘ ਜੈਸਵਾਲ ਨੇ ਮੀਡੀਆ ਦੇ ਸਵਾਲ ਦੇ ਜਵਾਬ ‘ਚ ਕਿਹਾ ਕਿ ਸਰਕਾਰ ਇਸ ਮਾਮਲੇ ‘ਚ ਹਰ ਸੰਭਵ ਮਦਦ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਕੇਰਲ ਦੇ ਪਲੱਕੜ ਜ਼ਿਲ੍ਹੇ ਦੀ ਰਹਿਣ ਵਾਲੀ ਨਿਮਿਸ਼ਾ ਪ੍ਰਿਆ ਨੂੰ ਯਮਨ ਦੇ ਨਾਗਰਿਕ ਤਲਾਲ ਅਬਦੋ ਮਹਿਦੀ ਦੇ ਕਤਲ ਕੇਸ ਵਿੱਚ ਸਾਲ 2017 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਜਾਣਕਾਰੀ ਮੁਤਾਬਕ ਪ੍ਰਿਆ 2012 ‘ਚ ਨਰਸ ਦੇ ਤੌਰ ‘ਤੇ ਯਮਨ ਗਈ ਸੀ। ਸਾਲ 2015 ਵਿੱਚ ਨਿਮਿਸ਼ਾ ਅਤੇ ਤਲਾਲ ਨੇ ਮਿਲ ਕੇ ਉੱਥੇ ਇੱਕ ਕਲੀਨਿਕ ਸ਼ੁਰੂ ਕੀਤਾ ਸੀ।

ਇਸ ਪ੍ਰੇਸ਼ਾਨੀ ਤੋਂ ਤੰਗ ਆ ਕੇ ਨਿਮਿਸ਼ਾ ਨੇ ਜੁਲਾਈ 2017 ‘ਚ ਤਲਾਲ ਨੂੰ ਨਸ਼ੀਲਾ ਟੀਕਾ ਲਗਾ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਨਿਮਿਸ਼ਾ ਦਾ ਕਹਿਣਾ ਹੈ ਕਿ ਉਸ ਦਾ ਉਸ ਨੂੰ ਮਾਰਨ ਦਾ ਇਰਾਦਾ ਨਹੀਂ ਸੀ ਅਤੇ ਉਸ ਦਾ ਮਕਸਦ ਤਲਾਲ ਤੋਂ ਆਪਣਾ ਪਾਸਪੋਰਟ ਵਾਪਸ ਲੈਣਾ ਸੀ।

ਨਿਮਿਸ਼ਾ ਦੀ ਮਾਂ ਪ੍ਰੇਮਕੁਮਾਰ ਨੇ ਯਮਨ ਜਾ ਕੇ ਆਪਣੀ ਧੀ ਨੂੰ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਪਰ ਯਮਨ ਦੀ ਹੇਠਲੀ ਅਦਾਲਤ ਨੇ ਨਿਮਿਸ਼ਾ ਨੂੰ ਦੋਸ਼ੀ ਪਾਇਆ ਅਤੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ। ਯਮਨ ਦੀ ਸੁਪਰੀਮ ਕੋਰਟ ਨੇ ਵੀ ਮਾਮਲੇ ਵਿੱਚ ਹੇਠਲੀ ਅਦਾਲਤ ਦੇ ਫੈਸਲੇ ਨੂੰ ਬਰਕਰਾਰ ਰੱਖਿਆ।

# ਨਵੇਂ ਸਾਲ ਦੇ ਪਹਿਲੇ ਦਿਨ 8.09 ਅਰਬ ਹੋ ਜਾਵੇਗੀ ਦੁਨੀਆ ਦੀ ਆਬਾਦੀ



ਨਿਊਯਾਰਕ — ਨਵੇਂ ਸਾਲ ਦੇ ਪਹਿਲੇ ਦਿਨ ਦੁਨੀਆ ਦੀ ਆਬਾਦੀ 8.09 ਅਰਬ ਤੱਕ ਪਹੁੰਚ ਜਾਵੇਗੀ ਅਤੇ 2024 ‘ਚ ਦੁਨੀਆ ਦੀ ਆਬਾਦੀ 71 ਕਰੋੜ ਵਧ ਜਾਵੇਗੀ। ਇਹ ਜਾਣਕਾਰੀ ਸੋਮਵਾਰ ਨੂੰ ਜਾਰੀ ਅਮਰੀਕੀ ਜਨਗਣਨਾ ਬਿਊਰੋ ਦੇ ਅਨੁਮਾਨਾਂ ਤੋਂ ਆਈ ਹੈ। ਯੂ.ਐਸ. ਜਨਗਣਨਾ ਬਿਊਰੋ ਦੇ ਅਨੁਸਾਰ, 2024 ਵਿੱਚ ਵਿਸ਼ਵ ਆਬਾਦੀ ਵਿੱਚ ਵਾਧਾ 2023 ਦੇ ਮੁਕਾਬਲੇ ਥੋੜ੍ਹਾ ਘੱਟ ਹੈ, ਜਦੋਂ ਵਿਸ਼ਵ ਦੀ ਆਬਾਦੀ ਵਿੱਚ 7.5 ਕਰੋੜ ਦਾ ਵਾਧਾ ਹੋਇਆ ਹੈ।

ਅਨੁਮਾਨਾਂ ਦੇ ਅਨੁਸਾਰ, ਜਨਵਰੀ 2025 ਵਿੱਚ ਦੁਨੀਆ ਭਰ ਵਿੱਚ ਪ੍ਰਤੀ ਸਕਿੰਟ 4.2 ਜਨਮ ਅਤੇ 2.0 ਮੌਤਾਂ ਹੋਣ ਦੀ ਸੰਭਾਵਨਾ ਹੈ। ਜਨਗਣਨਾ ਬਿਊਰੋ ਦੇ ਅਨੁਸਾਰ, 2024 ਵਿੱਚ ਅਮਰੀਕਾ ਦੀ ਆਬਾਦੀ 26 ਲੱਖ ਦਾ ਵਾਧਾ ਹੋਇਆ ਅਤੇ ਨਵੇਂ ਸਾਲ ਦੇ ਪਹਿਲੇ ਦਿਨ ਅਮਰੀਕਾ ਦੀ ਆਬਾਦੀ 34.1 ਕਰੋੜ ਹੋਵੇਗੀ। ਜਨਗਣਨਾ ਬਿਊਰੋ ਦੇ ਅਨੁਸਾਰ, 2020 ਦੇ ਦਹਾਕੇ ਵਿੱਚ ਹੁਣ ਤੱਕ, ਯੂ.ਐਸ. ਦੀ ਆਬਾਦੀ ਵਿੱਚ ਲਗਭਗ 97 ਲੱਖ ਦਾ ਵਾਧਾ ਹੋਇਆ ਹੈ।



# ਸੀਤਲ ਸਿੰਘ ਸੀਤਲ

ਸੀਤਲ ਸਿੰਘ ਸੀਤਲ ਉਨ੍ਹਾਂ ਵੇਲਿਆਂ ਦਾ ਕਲਾਕਾਰ ਹੈ, ਜਦੋਂ ਗਾਇਕਾਂ ਦੀ ਭੀੜ ਅੱਜ ਜਿੰਨੀ ਨਹੀਂ ਸੀ ਹੁੰਦੀ। ਤਕੜੇ ਜੁੱਸੇ ਕਰਕੇ ਉਹ ਅੱਜ ਵੀ ਕਲਾਕਾਰ ਘੱਟ ਤੇ ਪੁਲਸੀਆ ਵੱਧ ਲੱਗਦਾ ਹੈ। ਚੋਪੜੇ ਹੋਏ ਬੋਦੇ ਉਸ ਦੇ ਬਾਣੀਆ ਹੋਣ ਦਾ ਭੁਲੇਖਾ ਪਾਉਂਦੇ ਨੇ ਤੇ ਮਿੱਠਾ ਉਹ ਏਨਾ ਹੈ ਕਿ ਪੁੱਛੋ ਕੁੱਝ ਨਾ। ਸੀਤਲ ਸਿੰਘ ਦਾ ਮੁਹਾਂਦਰਾ ਕੋਟਕਪੂਰੇ ਵਾਲੇ ਅਮਰ ਸਿੰਘ ਮਸਤਾਨਾ ਨਾਲ ਬਹੁਤ ਰਲਦਾ ਹੈ ਅਤੇ ਕਦੇ-ਕਦੇ ਉਹ ਉਸ ਦਾ ਗੁਰਭਾਈ ਜਾਪਣ ਲੱਗਦਾ ਹੈ। ਸੀਤਲ ਨੇ ਜਿੰਨਾ ਗਾਇਆ, ਲੋਕਾਂ ਨੇ ਉਸ ਨੂੰ ਪ੍ਰਵਾਨ ਕੀਤਾ ਤੇ ਉਹ ਆਪਣੇ ਵੇਲ਼ੇ ਦਾ ਸਟਾਰ ਗਵੱਈਆ ਸਾਬਤ ਹੋਇਆ। ਪਰ ਜਿਉਂ-ਜਿਉਂ ਸਮਾਂ ਬੀਤਦਾ ਗਿਆ, ਸਮਕਾਲੀ ਗਾਇਕਾਂ ਵਾਂਗ ਉਸ ਦੀ ਕਦਰ ਵੀ ਘਟਣੀ ਸ਼ੁਰੂ ਹੋ ਗਈ। ਸੋ ਅੱਜ ਉਹ ਨੂਰਮਹਿਲ ਵਿਚਲੇ ਇੱਕ ਸਾਦੇ ਜਿਹੇ ਘਰ 'ਚ ਵਕਤ ਨੂੰ ਝਕਾਨੀਆਂ ਦੇ ਰਿਹਾ ਹੈ।

ਜਦੋਂ ਸੀਤਲ ਸਿੰਘ ਸੀਤਲ ਦੀ ਗਾਇਕੀ ਬਾਰੇ ਸਿਆਣਿਆਂ ਨਾਲ ਗੱਲਾਂ ਕਰੀਦੀਆਂ ਹਨ ਤਾਂ ਉਹ ਉਸ ਦੀ ਵਡਿੱਤਣ ਕਰਦੇ ਹਨ, ਪਰ ਜਦੋਂ ਉਸ ਦੇ ਵਿਅਕਤੀਤਵ ਬਾਰੇ ਗੱਲਾਂ ਛਿੜਦੀਆਂ ਹਨ ਤਾਂ ਕਈ ਲੁਕੇ ਪੱਖ ਸਾਹਮਣੇ ਆਉਂਦੇ ਹਨ। ਬੜੇ ਲੋਕ ਇਹ ਆਖਦੇ ਹਨ ਕਿ ਹੱਦੋਂ ਵੱਧ ਭਰੋਸੇ ਅਤੇ ਲਾਪ੍ਰਵਾਹੀ ਕਰਕੇ ਇਸ ਬੰਦੇ ਦਾ ਇਹ ਹਾਲ ਹੋਇਆ ਹੈ। ਲੋਕ ਦੱਸਦੇ ਨੇ ਕਿ ਜਿਨ੍ਹਾਂ ਵੇਲ਼ਿਆਂ ਵਿੱਚ ਸੀਤਲ ਦੇ ਸਮਕਾਲੀ ਕਲਾਕਾਰਾਂ ਕੋਲ ਟੁੱਟੀਆਂ-ਭੱਜੀਆਂ ਗੱਡੀਆਂ ਹੁੰਦੀਆਂ ਸਨ, ਉਦੋਂ ਇਸ ਕੋਲ ਦੋ ਐਂਬੈਸਡਰ ਕਾਰਾਂ ਅਤੇ ਸੁਖਮਈ ਜ਼ਿੰਦਗੀ ਜਿਉਣ ਵਾਲੀਆਂ ਹੋਰ ਸਾਰੀਆਂ ਸਹੂਲਤਾਂ ਹੁੰਦੀਆਂ ਸਨ। ਪਰ ਸਮੇਂ ਦੇ ਗੇੜ ਨੇ ਉਸ ਤੋਂ ਸਾਰਾ ਕੁੱਝ ਖੋਹ ਲਿਆ ਅਤੇ ਮੁੜ ਉਥੇ ਲਿਆ ਖੜ੍ਹਾ ਕੀਤਾ, ਜਿਥੋਂ ਉਹ ਤੁਰਿਆ ਸੀ।

ਘਰਦਿਆਂ ਨੇ ਉਸ ਦਾ ਨਾਂ ਸੀਤਲ ਸਿੰਘ ਹੀ ਰੱਖਿਆ ਸੀ, ਪਰ ਜਦੋਂ ਉਸ ਦੀ ਰਿਕਾਰਡਿੰਗ ਦਾ ਸਿਲਸਿਲਾ ਸ਼ੁਰੂ ਹੋ ਗਿਆ ਤਾਂ ਉਸ ਨੇ ਆਪਣੇ ਨਾਂ ਪਿੱਛੇ ਵੀ 'ਸੀਤਲ' ਹੀ ਲਗਾ ਲਿਆ। ਹੁਣ ਜਦੋਂ ਉਸ ਨੂੰ ਇਸ ਬਾਰੇ ਪੁੱਛੀਦੈ ਤਾਂ ਉਹ ਆਖ ਛੱਡਦੈ, 'ਬਸ ਐਵੇਂ ਦਿਲ ਕੀਤਾ ਤੇ ਆਪਾਂ ਲਾ ਲਿਆ।' ਸੀਤਲ ਦੇ ਨਿੱਕੇ ਜਿਹੇ ਕਮਰੇ ਵਿੱਚ ਰਿਕਾਰਡਾਂ ਦੇ ਬਾਹਰੀ ਕਵਰ ਫਰੇਮ ਕਰਾ ਕੇ ਟੰਗੇ ਹੋਏ ਹਨ, ਕਈ ਫੋਟੋਆਂ ਵਿੱਚ ਉਹ ਨਾਮੀ ਕਲਾਕਾਰਾਂ ਨਾਲ ਬੈਠਾ ਦਿਸਦਾ ਹੈ ਅਤੇ ਕਈਆਂ ਵਿੱਚ ਮੰਤਰੀਆਂ-ਸੰਤਰੀਆਂ ਨਾਲ। ਇਹ ਫੋਟੋਆਂ ਉਸ ਨੂੰ ਊਰਜਾ ਦਿੰਦੀਆਂ ਨੇ ਕਿ ਮੈਂ ਕੋਈ ਆਮ ਬੰਦਾ ਨਹੀਂ ਹਾਂ।

ਸੀਤਲ ਸਿੰਘ ਸੀਤਲ ਦਾ ਜਨਮ 26 ਨਵੰਬਰ 1947 ਨੂੰ ਨੂਰਮਹਿਲ ਲਾਗਲੇ ਪਿੰਡ ਸੰਗੋਵਾਲ ਵਿੱਚ ਹੋਇਆ। ਗਾਉਣਾ ਉਸ ਨੂੰ ਵਿਰਸੇ ਵਿੱਚ ਮਿਲਿਆ ਕਿਉਂਕਿ ਉਸ ਦੇ ਮਾਮਾ ਜੀ ਲਾਲ ਸਿੰਘ ਰੁੜਕੇ ਵਾਲੇ ਗਾਉਣ ਦੇ ਸ਼ੌਕੀਨ ਸਨ। ਵੰਡ ਤੋਂ ਪਹਿਲਾਂ ਸਾਰਾ ਪਰਿਵਾਰ ਪਾਕਿਸਤਾਨ ਦੇ ਜ਼ਿਲ੍ਹੇ ਲਾਇਲਪੁਰ ਦੇ ਪਿੰਡ 17 ਚੱਕ ਵਿੱਚ ਰਹਿੰਦਾ ਸੀ। ਸੰਗੋਵਾਲ ਵਿੱਚ ਇਨ੍ਹਾਂ ਦੇ ਪਰਿਵਾਰ ਨੂੰ ਜ਼ਮੀਨ ਅਲਾਟ ਹੋ ਗਈ ਤੇ ਸੀਤਲ ਨੇ ਇੱਥੇ ਹੀ ਪੜ੍ਹਨਾ ਸ਼ੁਰੂ ਕਰ ਦਿੱਤਾ। ਸੀਤਲ ਦਸ ਜਮਾਤਾਂ ਪਾਸ ਹੈ ਅਤੇ ਪੰਜਵੀਂ-ਛੇਵੀਂ ਜਮਾਤ ਤੋਂ ਉਹ ਗਾਉਣ ਲੱਗ ਗਿਆ। ਮੁਹੰਮਦ ਰਫ਼ੀ ਦਾ ਗੀਤ 'ਦਾਣਾ ਪਾਣੀ ਖਿੱਚ ਲਿਆਉਂਦਾ, ਕੌਣ ਕਿਸੇ ਦਾ ਖਾਂਦਾ' ਗੀਤ ਉਹ ਗੁਣਗੁਣਾਉਂਦਾ ਰਹਿੰਦਾ। ਜਦੋਂ ਉਹ ਛੇਵੀਂ 'ਚ ਪੜ੍ਹਦਾ ਸੀ ਤਾਂ ਪੰਡਿਤ ਜਵਾਹਰ ਲਾਲ ਨਹਿਰੂ ਨੂਰਮਹਿਲ ਆਇਆ। ਸੀਤਲ ਨੇ ਸਕੂਲ ਵੱਲੋਂ ਗੀਤ ਗਾਇਆ, 'ਮੇਰੇ ਦੇਸ ਦਿਆ ਕਿਰਸਾਨਾ ਜੁਗ-ਜੁਗ ਜੀਵੇਂ ਜਗ 'ਤੇ।' ਨਹਿਰੂ ਉਸ ਦੀ ਅਵਾਜ਼ ਅਤੇ ਗੀਤ ਚੋਣ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਉਸ ਨੂੰ ਗੋਦੀ ਵਿੱਚ ਬਿਠਾ ਲਿਆ ਤੇ ਆਖਿਆ, 'ਯੇ ਬੱਚਾ ਬੜਾ ਹੋ ਕਰ ਅੱਛਾ ਫ਼ਨਕਾਰ ਬਨੇਗਾ।' ਜਿਉਂ-ਜਿਉਂ ਸੀਤਲ ਉਮਰ ਦੀਆਂ ਪੌੜੀਆਂ ਚੜ੍ਹਦਾ ਗਿਆ, ਨਹਿਰੂ ਦੀ ਆਖੀ ਗੱਲ ਸੱਚ ਹੁੰਦੀ ਗਈ। ਸੀਤਲ ਦਾ ਝਾਕਾ ਖੁੱਲ੍ਹਦਾ ਗਿਆ ਅਤੇ ਇੱਕ ਦਿਨ ਉਹ ਵਿਆਹਾਂ-ਸ਼ਾਦੀਆਂ ਦੀਆਂ ਸਟੇਜਾਂ 'ਤੇ ਗਾਉਣ ਲੱਗਾ।

ਸੀਤਲ ਸਿੰਘ ਦੱਸਦਾ ਹੈ, 'ਮੈਂ ਸ਼ੁਰੂ ਤੋਂ ਹੀ ਲਾਲ ਚੰਦ ਯਮਲਾ ਜੱਟ ਤੇ ਮਿਲਖੀ ਰਾਮ ਵਰਗੇ ਗਾਇਕਾਂ ਤੋਂ ਪ੍ਰਭਾਵਿਤ ਸਾਂ। ਇਨ੍ਹਾਂ ਵਰਗਾ ਗਵੱਈਆ ਬਣਨ ਦੀ ਮੇਰੇ ਮਨ ਅੰਦਰ ਖਿੱਚ ਸੀ।' ਸੀਤਲ ਸਿੰਘ ਨੇ ਗਾਇਕੀ ਦੀਆਂ ਬਰੀਕੀਆਂ ਉਸਤਾਦ ਜਸਵੰਤ ਸਿੰਘ ਭੰਵਰਾ ਕੋਲੋਂ ਸਿੱਖੀਆਂ ਅਤੇ ਸਟੇਜੀ ਗਿਆਨ ਉਸ ਨੇ ਜੁਗਿੰਦਰ ਕੁਮਾਰ ਸਾਜਨ ਕੋਲੋਂ ਲਿਆ। ਸੀਤਲ ਸਿੰਘ ਨੇ ਕਈ ਵਰ੍ਹੇ ਵਿਆਹਾਂ 'ਚ ਸਿਹਰੇ ਪੜ੍ਹੇ ਅਤੇ ਅਖੰਡ ਪਾਠਾਂ ਮੌਕੇ ਆਪਣੀ ਕਲਾ ਦਾ ਨਮੂਨਾ ਪੇਸ਼ ਕੀਤਾ। ਮਿਹਨਤ ਅਤੇ ਅਭਿਆਸ ਨਾਲ ਸੀਤਲ ਦੀ ਗਾਇਕੀ ਵਿੱਚ ਪ੍ਰਪੱਕਤਾ ਆਉਂਦੀ ਗਈ ਅਤੇ ਇੱਕ ਦਿਨ ਉਸ ਦੀ ਅਵਾਜ਼ ਟੱਲੀ ਵਰਗੀ ਬਣ ਗਈ, ਜਿਹੜੀ ਰਿਕਾਰਡਿੰਗ ਦੇ ਕਾਬਲ ਸੀ।

ਇੱਕ ਵਾਰ ਰੇਡੀਓ 'ਤੇ ਸੀਤਲ ਸਿੰਘ ਨੂੰ ਬੁਲਾਇਆ ਗਿਆ। ਉਥੇ 'ਐਚ. ਐਮ.ਵੀ.' ਦੇ ਡਾਇਰੈਕਟਰ ਸੰਤ ਰਾਮ ਵੀ ਹਾਜ਼ਰ ਸਨ। ਉਹ ਉਸ ਦੀ ਅਵਾਜ਼ ਤੋਂ ਪ੍ਰਭਾਵਿਤ ਹੋਏ ਤੇ ਉਸ ਨੂੰ ਆਪਣੀ ਕੰਪਨੀ ਵਿੱਚ ਗਾਉਣ ਦਾ ਮੌਕਾ ਦੇ ਦਿੱਤਾ। ਸੀਤਲ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਸ ਦਾ ਪਹਿਲਾ ਰਿਕਾਰਡ ਹੀ 'ਐਚ.ਐਮ.ਵੀ' ਵਿੱਚ ਰਿਕਾਰਡ ਹੋਇਆ ਅਤੇ ਉਸ ਦੇ ਲਗਭਗ ਸਾਰੇ ਰਿਕਾਰਡ ਆਏ ਵੀ ਇਸੇ ਕੰਪਨੀ ਵਿੱਚ ਹੀ। 1959 ਵਿੱਚ ਉਸ ਦਾ ਪੱਥਰ ਵਾਲਾ ਰਿਕਾਰਡ ਆਇਆ, ਜਿਸ ਵਿਚਲੇ ਉਸ ਦੇ ਦੋਹੇਂ ਗੀਤ ਠੀਕ-ਠਾਕ ਰਹੇ। ਇਹ ਉਸ ਦਾ ਸੋਲੋ ਰਿਕਾਰਡ ਸੀ, ਜਿਸ ਦੇ ਇੱਕ ਪਾਸੇ 'ਚਰ੍ਹੀਆਂ ਛੁਕਦੀਆਂ ਰੋਟੀ ਲੈ ਕੇ ਕਿੱਧਰ ਨੂੰ ਆਵਾਂ' ਗੀਤ ਸੀ ਤੇ ਦੂਜੇ ਪਾਸੇ 'ਭਾਬੀ ਤੇਰੀ ਗੁੱਤ ਵਰਗਾ ਸੱਪ ਲੈ ਕੇ ਬੰਗਾਲੀ ਆਇਆ' ਸੀ। ਕਮਾਲ ਦੀ ਗੱਲ ਇਹ ਰਹੀ ਕਿ ਮਹਿਜ਼ 12-13 ਸਾਲ ਦੀ ਉਮਰ ਵਿੱਚ ਉਸ ਦਾ ਪਲੇਠਾ ਰਿਕਾਰਡ ਰਿਲੀਜ਼ ਹੋ ਗਿਆ। 60-61 ਵਿੱਚ ਸੀਤਲ ਸਿੰਘ ਦਾ ਦੂਜਾ ਰਿਕਾਰਡ ਮਾਰਕੀਟ ਵਿੱਚ ਆਇਆ ਅਤੇ ਦੋਹਾਂ ਰਿਕਾਰਡਾਂ ਕਰਕੇ ਉਸ ਦੇ ਨਾਂ ਦੀ ਪ੍ਰਸਿੱਧੀ ਲੁਧਿਆਣੇ ਦੀ ਸੰਗੀਤ ਮੰਡੀ ਤੱਕ ਪਹੁੰਚ ਗਈ। ਫੇਰ ਉਸ ਦਾ ਈ.ਪੀ. ਰਿਕਾਰਡ ਰਿਲੀਜ਼ ਹੋਇਆ, ਇਸ ਵਿੱਚ ਉਸ ਨੇ ਪਰਮਿਲਾ ਪੰਮੀ ਨਾਲ ਦੋਗਾਣੇ ਗਾਏ। 'ਢੋਲ ਸ਼ਰਾਬੀ ਨਾਲ ਗੋਰੀਏ ਨਾ ਲੜ ਨੀਂ' ਅਤੇ 'ਪਹਿਲੀ ਰਾਤ ਮੁਕਲਾਵਾ ਬੂਹ ਮਾਹੀਆ' ਗੀਤ ਉਸ ਵਿੱਚੋਂ ਖੂਬ ਚੱਲੇ।

ਸੀਤਲ ਸਿੰਘ ਸੀਤਲ ਨੂੰ ਆਪਣੇ ਸਾਰੇ ਗੀਤਾਂ ਦੇ ਬੋਲ ਚੇਤੇ ਨਹੀਂ ਅਤੇ ਆਏ ਰਿਕਾਰਡਾਂ ਦੀ ਗਿਣਤੀ ਬਾਰੇ ਵੀ ਪੱਕਾ ਪਤਾ ਨਹੀਂ। ਜ਼ਿਆਦਾ ਕਹਿਣ 'ਤੇ ਉਹ ਤੁੱਕਾ ਜਿਹਾ ਲਾਉਣ ਦੀ ਕੋਸ਼ਿਸ਼ ਕਰਦੈ ਅਤੇ ਫੇਰ ਆਖਦੈ, 'ਚਲੋ ਛੱਡੋ ਆਹ ਗੱਲ ਨਾ ਲਿਖਿਓ, ਨਰਿੰਦਰ ਬੀਬਾ ਵਾਲੇ ਗੀਤਾਂ ਦੀ ਗੱਲ ਕਰ ਲਓ।'

ਨਰਿੰਦਰ ਬੀਬਾ ਨਾਲ ਸੀਤਲ ਸਿੰਘ ਦੇ ਜਿੰਨੇ ਵੀ ਰਿਕਾਰਡ ਆਏ, ਉਨ੍ਹਾਂ ਦੀ ਝੰਡੀ ਰਹੀ। ਉਸ ਨਾਲ ਉਸ ਦੇ 'ਰੋਕ ਡਰਾਈਵਰ ਗੱਡੀ ਵੇ ਮੈਂ ਬੱਸ ਭੁਲੇਖੇ ਚੜ੍ਹ ਗਈ ਆਂ' ਅਤੇ 'ਪੈਦਲ ਤੁਰਦੀ ਥੱਕ ਜਾਵੇਂਗੀ, ਦੋ ਕੋਹ ਏਥੋਂ ਅੱਡਾ' ਗੀਤ ਖੂਬ ਚੱਲੇ।

ਸਤਿੰਦਰ ਬੀਬਾ ਨਾਲ ਆਇਆ ਉਸ ਦਾ ਸੁਪਰ ਸੈਵਨ ਰਿਕਾਰਡ ਉਨ੍ਹੀਂ ਦਿਨੀਂ ਹਰ ਪਾਸੇ ਪਸੰਦ ਕੀਤਾ ਗਿਆ। ਉਸ ਵਿਚਲੇ ਗੀਤਾਂ ਦੇ ਬੋਲ ਸਨ, 'ਨਾਲ ਡਰਾਈਵਰ ਕੁੜੀਓ ਨੀਂ ਕੋਈ ਵਿਆਹ ਕਰਵਾਇਓ ਨਾ', 'ਕੁੜਤੀ ਸਵਾ ਕੇ ਦਿੱਤੀ ਤੰਗ ਮਿੱਤਰਾ', 'ਮੁੰਡਾ ਮੰਗੇ ਮਸਰਾਂ ਦੀ ਦਾਲ ਮਾਏ', 'ਪੱਟੇ ਗਏ ਵੇ ਅੱਖਾਂ ਲਾਈਆਂ ਨਾ ਵਿਚਾਰ ਕੇ' ਅਤੇ 'ਜੱਟ ਨੇ ਲਾਲ ਪਰੀ ਸਿਖਰ ਦੁਪਹਿਰੇ ਪੀਤੀ।' ਸੀਤਲ ਦਾ ਇੱਕ ਐਲ.ਪੀ. ਰਿਕਾਰਡ 'ਯਾਦ ਪਟੋਲਾ ਆਵੇ' ਚਰਨਜੀਤ ਕੌਰ ਨਾਲ ਮਾਰਕੀਟ ਵਿੱਚ ਆਇਆ ਤੇ ਇਸ ਵਿਚਲਾ ਆਸ਼ਕੀ-ਮਸ਼ੂਕੀ ਵਾਲਾ ਗੀਤ ਸਰੋਤਿਆਂ ਨੇ ਪ੍ਰਵਾਨ ਕੀਤਾ। ਬੋਲ ਸਨ :

ਤੇਰੇ ਵੀਰਾਂ ਨਾਲ ਲੱਗਣ ਲੱਗ
ਪਈ, ਤੇਰੇ ਨਾ ਪੈ ਗਿਆ ਪਿਆਰ।
ਹਾਏ ਨਾਜੋ ਰਾਣੀਏ, ਮੈਂ 'ਕੱਲਾ
ਭਾਈ ਤੇਰੇ ਚਾਰ।

ਸੀਤਲ ਤੇ ਸੰਤੋਸ਼ ਕੁਮਾਰੀ ਦਾ ਇੱਕ ਈ.ਪੀ. ਰਿਕਾਰਡ ਰਿਲੀਜ਼ ਹੋਇਆ, ਜਿਸ ਦਾ ਨਾਂ ਉਸ ਨੂੰ ਚੇਤੇ ਨਹੀਂ। ਪਰ ਉਸਨੂੰ ਇਹ ਜ਼ਰੂਰ ਪਤਾ ਹੈ ਕਿ ਇਸ ਵਿਚਲਾ ਗੀਤ 'ਆਉਂਦੇ ਸਾਲ ਨੂੰ ਵਿਆਹੀ ਜਾਣਾ ਸੱਜਣਾ' ਵਾਹਵਾ ਮਕਬੂਲ ਹੋਇਆ ਸੀ। ਸੀਤਲ ਦਾ ਇੱਕ ਰਿਕਾਰਡ ਸੁਰਿੰਦਰ ਸੋਨੀਆ ਨਾਲ ਰਿਲੀਜ਼ ਹੋਇਆ ਅਤੇ ਉਸ ਵਿਚਲਾ ਗੀਤ 'ਆਈ ਹੂਰ ਹਵੇਲੀਓਂ ਹੋ ਕੇ, ਬੂਰੀ ਮਹੀਆਂ ਦਾ ਦੁੱਧ ਚੋਅ ਕੇ' ਚੰਗਾ ਚੱਲਿਆ।

ਸੀਤਲ ਸਿੰਘ ਸੀਤਲ ਦੀ ਖ਼ੁਸ਼ਕਿਸਮਤੀ ਅਤੇ ਬਦਕਿਸਮਤੀ ਗਾਇਕਾ ਸੁਰਿੰਦਰ ਸੀਮਾ ਨਾਲ ਜੁੜਦੀ ਹੈ। ਸੰਗੀਤਕ ਮੱਸ ਰੱਖਣ ਵਾਲੇ ਲੋਕ ਦੱਸ ਦਿੰਦੇ ਨੇ ਕਿ ਇਹਦੇ ਨਾਂ ਦੀ ਚਰਚਾ ਸੀਮਾ ਨਾਲ ਹੀ ਹੋਈ ਸੀ, ਪਰ ਸੀਮਾ ਨੇ ਇਹਦੇ ਨਾਲ ਵਫ਼ਾ ਨਾ ਕੀਤੀ। ਸੀਤਲ ਤੇ ਸੀਮਾ ਨੇ ਬਾਰਾਂ ਸਾਲ ਇਕੱਠਿਆਂ ਗਾਇਆ। ਦੋਹਾਂ ਦੀ ਅਵਾਜ਼ ਵਿੱਚ ਅਨੇਕਾਂ ਰਿਕਾਰਡ ਆਏ ਤੇ ਉਹ ਚੱਲੇ ਵੀ ਖੂਬ। ਜਦੋਂ ਪੈਸੇ ਦੀ ਕੋਈ ਤੋਟ ਨਾ ਰਹੀ ਤਾਂ ਉਹ ਅੱਖਾਂ ਫੇਰ ਗਈ ਅਤੇ ਇਸ ਨੂੰ ਕੱਖੋਂ ਹੌਲਾ ਕਰ ਗਈ। ਖ਼ੁਦ ਸੀਤਲ ਵੀ ਇਸ ਗੱਲ ਨੂੰ ਕਬੂਲਦਾ ਹੈ। ਅਤੀਤ ਚੇਤੇ ਕਰਦਿਆਂ ਉਹ ਆਖਦੈ, 'ਸੀਮਾ ਨੇ ਤੇ ਮੈਂ ਬਾਰਾਂ ਸਾਲ ਇਕੱਠਿਆਂ ਗਾਇਆ। ਮੈਨੂੰ ਉਹਦੇ ਕਰਕੇ ਤੇ ਉਹ ਨੂੰ ਮੇਰੇ ਕਰਕੇ ਖੂਬ ਪ੍ਰਸਿੱਧੀ ਮਿਲੀ। ਸਾਥੋਂ ਪ੍ਰੋਗਰਾਮ ਸੰਭਾਲੇ ਨਹੀਂ ਸਨ ਜਾਂਦੇ। ਸਾਡੇ ਛੇ ਐਲ. ਪੀ. ਰਿਕਾਰਡ ਰਿਲੀਜ਼ ਹੋਏ, ਬੜੀ ਵਾਰ ਅਸੀਂ ਵਿਦੇਸ਼ਾਂ 'ਚ ਗਏ ਤੇ ਪੰਜਾਬੀਆਂ ਨੇ ਸਾਨੂੰ ਮਣਾਂ-ਮੂੰਹੀਂ ਪਿਆਰ ਦਿੱਤਾ। ਗੱਡੀਆਂ, ਪਲਾਟ, ਕੋਠੀਆਂ ਸਭ ਕੁੱਝ ਹੁੰਦਾ ਸੀ ਸਾਡੇ ਕੋਲ। ਪਰ ਫੇਰ ਪਤਾ ਨਹੀਂ ਕਿਉਂ ਚੰਦਰੀ ਨੇ ਅੱਖਾਂ ਫੇਰ ਲਈਆਂ ਅਤੇ ਮੇਰੇ ਬਿਮਾਰੀ ਵਾਲੇ ਸਮੇਂ ਮੌਕੇ ਉਸ ਨੇ ਸਾਰਾ ਕੁੱਝ ਆਪਣੇ ਨਾਂ ਕਰਵਾ ਲਿਆ। ਫੇਰ ਸਾਡੀ ਐਸੀ ਵਿਗੜੀ ਕਿ ਉਹ ਜਹਾਨੋਂ ਤੁਰ ਗਈ ਅਤੇ ਜਗ ਜਾਣ ਗਿਆ ਕਿ ਸੀਤਲ ਸਿੰਘ ਦੀ ਅੱਜ ਦੀ ਹਾਲਤ ਲਈ ਜ਼ਿੰਮੇਵਾਰ ਕੌਣ ਹੈ?'

ਸੀਮਾ ਨਾਲ ਉਸ ਦਾ ਗੀਤ 'ਦੁੱਧ ਦੇ ਗਿਲਾਸ ਵਿੱਚ ਮੱਖਣਾ ਘੁਲ ਜਾਵਾਂ ਖੰਡ ਬਣਕੇ' ਖੂਬ ਚੱਲਿਆ ਅਤੇ ਥਾਂ ਪੁਰ ਥਾਂ ਅੱਜ ਵੀ ਇਸ ਗੀਤ ਦੀ ਚਰਚਾ ਛਿੜਦੀ ਰਹਿੰਦੀ ਹੈ। ਸੀਤਲ ਸਿੰਘ ਨੇ ਤਿੰਨ ਪੰਜਾਬੀ ਫ਼ਿਲਮਾਂ 'ਤੇਰੀ ਮੇਰੀ ਇੱਕ ਜਿੰਦ', 'ਭੁਲੇਖਾ' ਅਤੇ 'ਨਿੰਮੋ' ਵਿੱਚ ਗਾਇਆ। ਜਦੋਂ ਤੱਕ ਤਵਿਆਂ ਵਾਲਾ ਯੁੱਗ ਬਰਕਰਾਰ ਸੀ, ਉਦੋਂ ਤੱਕ ਸੀਤਲ ਸਿੰਘ ਨੂੰ ਰਾਇਲਟੀ ਮਿਲਦੀ ਰਹੀ ਪਰ ਜਦੋਂ ਕੈਸਿਟ ਯੁੱਗ ਸ਼ੁਰੂ ਹੋ ਗਿਆ, ਕੰਪਨੀ ਵਾਲਿਆਂ ਨੇ ਉਸ ਨੂੰ ਰਾਇਲਟੀ ਦੇਣੀ ਬੰਦ ਕਰ ਦਿੱਤੀ। ਨਿੱਕੇ-ਮੋਟੇ ਪ੍ਰੋਗਰਾਮਾਂ 'ਤੇ ਸੀਤਲ ਸਿੰਘ ਅੱਜ ਵੀ ਚਲਾ ਜਾਂਦੈ ਪਰ ਸਭ ਨੂੰ ਪਤਾ ਹੀ ਹੈ ਕਿ ਪੁਰਾਣਿਆਂ ਨੂੰ ਅੱਜ-ਕੱਲ੍ਹ ਕੌਣ ਸੁਣਦੈ? ਸੀਤਲ ਸਿੰਘ ਸੀਤਲ ਚੰਗੇ ਦਿਨਾਂ ਨੂੰ ਚੇਤੇ ਕਰਕੇ ਸਵਾਦ ਗੜੁੰਦ ਹੋ ਜਾਂਦੈ ਤੇ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਉਹ ਇਹ ਦੱਸਣਾ ਨਹੀਂ ਭੁੱਲਦਾ ਕਿ ਛੇ ਵਾਰ ਮੈਂ ਅਮਰੀਕਾ ਗਿਆਂ, ਸੱਤ ਵਾਰ ਇੰਗਲੈਂਡ, ਦੋ ਵਾਰ ਜਰਮਨ, ਦੋ ਵਾਰ ਜਪਾਨ, ਨਿਊਜ਼ੀਲੈਂਡ, ਆਸਟ੍ਰੇਲੀਆ ਅਤੇ ਹੋਰ ਮੁਲਕਾਂ 'ਚ।

ਕੈਸਿਟ ਯੁੱਗ ਸ਼ੁਰੂ ਹੋਣ ਮੌਕੇ 'ਐਚ. ਐਮ.ਵੀ.' ਨੇ ਉਸ ਦੇ ਤਵਿਆਂ ਵਾਲੇ ਗੀਤ ਕੈਸਿਟਾਂ ਜ਼ਰੀਏ ਰਿਲੀਜ਼ ਕਰਨੇ ਸ਼ੁਰੂ ਕਰ ਦਿੱਤੇ ਤੇ ਉਸ ਦੀਆਂ ਪੰਜ-ਛੇ ਕੈਸਿਟਾਂ 'ਘੁੰਡ ਵਿੱਚ ਦੀ ਸ਼ਰਾਰਤ', 'ਦਿਲ ਕਰੇ ਧਕ ਧਕ', 'ਜੇਠ ਤੋਂ ਮੈਂ ਬਚਗੀ', 'ਛੜਿਆਂ ਦਾ ਘੁੱਗੂ', 'ਕੁੜਤੀ ਸੂਆ ਦਿੱਤੀ ਤੰਗ' ਅਤੇ 'ਰੱਖਦੀ ਉਡੀਕਾਂ ਤੇਰੀਆਂ' ਰਿਲੀਜ਼ ਹੋਈਆਂ। ਸੀਤਲ ਸਿੰਘ ਨੇ ਸੁਰਿੰਦਰ ਕੌਰ, ਨਰਿੰਦਰ ਬੀਬਾ, ਸਵਰਨ ਲਤਾ, ਸੁਰਿੰਦਰ ਸੋਨੀਆ, ਸਤਿੰਦਰ ਬੀਬਾ, ਪਰਮਿਲਾ ਪੰਮੀ, ਹਰਜੀਤ ਗਿੱਲ, ਸੰਤੋਸ਼ ਕੁਮਾਰੀ ਅਤੇ ਸੁਰਿੰਦਰ ਸੀਮਾ ਨਾਲ ਗਾਇਆ ਅਤੇ ਉਸ ਦੇ ਗੀਤ ਸੁਰਿੰਦਰ ਕੋਹਲੀ, ਐਸ. ਮਹਿੰਦਰਾ, ਚਰਨਜੀਤ ਆਹੂਜਾ, ਕੇ.ਐਸ. ਨਰੂਲਾ, ਵੇਦ ਸੇਠੀ, ਪੰਡਤ ਸ਼ਿਵਰਾਮ, ਕੇ.ਪੰਨਾ ਲਾਲ ਅਤੇ ਜਸਵੰਤ ਭੰਵਰਾ ਸਮੇਤ ਹੋਰ ਕਈ ਉੱਘੇ ਸੰਗੀਤਕਾਰਾਂ ਦੇ ਸੰਗੀਤ ਵਿੱਚ ਰਿਲੀਜ਼ ਹੋਏ।

ਸੀਤਲ ਸਿੰਘ ਸੀਤਲ ਰੇਡੀਓ ਦਾ 'ਬੀ ਹਾਈ' ਕਲਾਕਾਰ ਹੈ ਪਰ ਉਸ ਨੂੰ ਇਸ ਗੱਲ ਦਾ ਮਲਾਲ ਹੈ ਕਿ ਦੂਰਦਰਸ਼ਨ ਅਤੇ ਰੇਡੀਓ ਦੋਹਾਂ ਨੇ ਹੀ ਪੁਰਾਣੇ ਕਲਾਕਾਰਾਂ ਦੀ ਕਦਰ ਕਰਨੀ ਬੰਦ ਕਰ ਦਿੱਤੀ ਹੈ। ਉਹ ਦੱਸਦਾ ਹੈ ਕਿ ਸਾਡੇ ਵੇਲਿਆਂ 'ਚ ਜਿਹੜਾ ਕਲਾਕਾਰ ਰੇਡੀਓ ਟੈਸਟ ਪਾਸ ਹੁੰਦਾ ਸੀ, ਉਸੇ ਦੀ ਕਦਰ ਹੁੰਦੀ ਸੀ। ਗਾਇਕਾਂ ਦੀ ਪਛਾਣ ਰੇਡੀਓ 'ਤੇ ਨਿਰਭਰ ਕਰਦੀ ਸੀ। ਦੂਰਦਰਸ਼ਨ ਵੀ ਟੈਸਟ ਪਾਸ ਕਲਾਕਾਰਾਂ ਦੀ ਕਦਰ ਕਰਦਾ ਸੀ ਪਰ ਹੁਣ ਤਾਂ ਸਾਰੇ ਪੈਸੇ ਦੇ ਪੁੱਤ ਬਣ ਗਏ ਨੇ, ਕਿਸੇ ਨੇ ਚੰਗੇ-ਮਾੜੇ ਕਲਾਕਾਰ ਤੋਂ ਕੀ ਲੈਣਾ?

ਸੀਤਲ ਸਿੰਘ ਸੀਤਲ ਨੇ ਬਥੇਰਾ ਘੁੰਮ-ਫਿਰ ਕੇ ਦੇਖਿਆ, ਬਥੇਰੇ ਨੋਟ ਇਕੱਠੇ ਕੀਤੇ, ਬਥੇਰੀ ਚੜ੍ਹਤ ਦੇਖੀ ਪਰ ਵਕਤ ਦੇ ਬਦਲੇ ਮਿਜਾਜ਼ ਨੇ ਹੁਣ ਉਸ ਨੂੰ ਸਿਰਫ਼ ਉਨ੍ਹਾਂ ਲੋਕਾਂ ਦੇ ਚੇਤੇ ਤੱਕ ਸੀਮਤ ਕਰ ਦਿੱਤਾ ਹੈ, ਜਿਨ੍ਹਾਂ ਨੇ ਤਵਿਆਂ ਵਾਲਾ ਯੁੱਗ ਦੇਖਿਆ-ਸੁਣਿਆ ਹੈ। ਸੀਤਲ ਨੂਰਮਹਿਲ 'ਚ ਆਪਣੀ ਪਤਨੀ ਅਤੇ ਨਿਆਣਿਆਂ ਸਮੇਤ ਰਹਿੰਦਾ ਹੈ। ਉਸਦੇ ਛੇ ਬੱਚੇ ਨੇ, ਤਿੰਨ ਕੁੜੀਆਂ, ਤਿੰਨ ਮੁੰਡੇ ਅਤੇ ਸਾਰੇ ਵਿਆਹੇ ਹੋਏ ਹਨ। ਪਤਨੀ ਜਗੀਰ ਕੌਰ ਉਸ ਦੀ ਹਰ ਗੱਲ ਦੀ ਰਾਜ਼ਦਾਰ ਹੈ। ਹੁਣ ਉਹ ਲੰਘੇ ਵੇਲੇ ਦੀ ਗਾਇਕੀ ਦੀ ਤੁਲਨਾ ਅੱਜ ਦੇ ਵੇਲ਼ੇ ਨਾਲ ਕਰਦਾ ਰਹਿੰਦਾ ਹੈ ਅਤੇ ਪੁਰਾਣੀਆਂ ਯਾਦਾਂ ਨੂੰ ਗਲ਼ ਨਾਲ ਲਾ ਕੇ ਨਿੰਘ ਲੈ ਰਿਹੈ।

– ਸਵਰਨ ਸਿੰਘ ਟਹਿਣਾ

# ਦੇਸ਼ ਭਰ ਵਿੱਚ ਨਵੇਂ ਸਾਲ ਦੇ ਜਸ਼ਨ ਦੀਆਂ ਤਿਆਰੀਆਂ




ਨਵੇਂ ਸਾਲ ਦੀ ਪੂਰਵ ਸੰਧਿਆ 'ਤੇ ਦੇਸ਼ ਭਰ 'ਚ ਰੰਗਾਰੰਗ ਪ੍ਰੋਗਰਾਮ ਆਯੋਜਿਤ ਹੋਣ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਵਿੱਚ ਲੋਕ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਨਵੇਂ ਸਾਲ ਦਾ ਸਵਾਗਤ ਕਰਨਗੇ। ਇਸ ਦੌਰਾਨ ਕਿਸੇ ਵੀ ਅਣਸੁਖਾਵੀਂ ਘਟਨਾ, ਹੰਗਾਮਾ ਜਾਂ ਟਰੈਫਿਕ ਸਬੰਧੀ ਸਮੱਸਿਆ ਨਾਲ ਨਜਿੱਠਣ ਲਈ ਪੁਲੀਸ ਵੱਲੋਂ ਸਖ਼ਤ ਪ੍ਰਬੰਧ ਕੀਤੇ ਗਏ ਹਨ। ਇਸ ਦੇ ਨਾਲ ਹੀ ਪੁਲਿਸ ਨੇ ਲੋਕਾਂ ਨੂੰ ਸੰਜਮ ਨਾਲ ਮਨਾਉਣ ਦੀ ਅਪੀਲ ਕੀਤੀ ਹੈ।

ਲੁਧਿਆਣਾ ਵਿੱਚ ਅੱਜ ਰਾਤ ਮਨਾਇਆ ਜਾਵੇਗਾ ਨਵੇਂ ਸਾਲ ਦਾ ਜਸ਼ਨ

ਅੱਜ ਪੰਜਾਬ ਦੇ ਲੁਧਿਆਣਾ ਵਿੱਚ ਨਵੇਂ ਸਾਲ ਦਾ ਜਸ਼ਨ ਕੁਝ ਖਾਸ ਹੋਣ ਵਾਲਾ ਹੈ। ਪੰਜਾਬੀ ਗਾਇਕ ਦਿਲਜੀਤ ਦੋਸਾਂਝ ਦੇ 'ਦਿਲ ਲੁਮੀਨੇਟ ਟੂਰ' ਦਾ ਫਾਈਨਲ ਸਮਾਰੋਹ ਅੱਜ ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀਏਯੂ) ਦੇ ਫੁੱਟਬਾਲ ਸਟੇਡੀਅਮ ਵਿੱਚ ਹੋਇਆ। ਪੁਲਿਸ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਕਰੀਬ 3500 ਪੁਲਿਸ ਮੁਲਾਜ਼ਮ ਅਤੇ 800 ਨਿੱਜੀ ਸੁਰੱਖਿਆ ਤਾਇਨਾਤ ਕੀਤੇ ਜਾ ਰਹੇ ਹਨ। ਸ਼ੋਅ 'ਚ ਲਗਭਗ 50 ਹਜ਼ਾਰ ਦਰਸ਼ਕਾਂ ਦੇ ਆਉਣ ਦੀ ਉਮੀਦ ਹੈ। ਇਸ ਸ਼ੋਅ ਦੀਆਂ ਤਿਆਰੀਆਂ ਪਿਛਲੇ ਇੱਕ ਹਫ਼ਤੇ ਤੋਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਸਨ। ਦਿਲਜੀਤ ਦਾ ਕੁੱਲ ਖਰਚਾ 20.65 ਲੱਖ ਰੁਪਏ ਪ੍ਰਸ਼ਾਸਨ ਨੂੰ ਅਦਾ ਕੀਤਾ ਜਾ ਰਿਹਾ ਹੈ। ਅੱਜ ਪੁਲਿਸ ਲਈ ਕਾਨੂੰਨ ਵਿਵਸਥਾ ਬਣਾਈ ਰੱਖਣਾ ਵੱਡੀ ਚੁਣੌਤੀ ਹੋਵੇਗੀ। ਇਸ ਦੇ ਨਾਲ ਹੀ ਟ੍ਰੈਫਿਕ ਵਿਵਸਥਾ ਨੂੰ ਸੁਚਾਰੂ ਰੱਖਣ ਲਈ ਵਿਸ਼ੇਸ਼ ਟ੍ਰੈਫਿਕ ਯੋਜਨਾ ਵੀ ਬਣਾਈ ਗਈ ਹੈ। ਤਾਂ ਜੋ ਫਿਰੋਜ਼ਪੁਰ ਰੋਡ 'ਤੇ ਜਾਮ ਦੀ ਸਥਿਤੀ ਨਾ ਬਣੇ। ਇਸ ਦੇ ਲਈ ਪੁਲਿਸ ਨੇ ਸਮਾਰੋਹ ਦੀਆਂ ਟਿਕਟਾਂ ਦੀ ਸ਼੍ਰੇਣੀ ਅਨੁਸਾਰ ਪਾਰਕਿੰਗ ਦੀ ਸੂਚੀ ਜਾਰੀ ਕੀਤੀ ਹੈ।

ਨਿਊ ਚੰਡੀਗੜ੍ਹ ਵਿੱਚ ਗਾਇਕ ਸਤਿੰਦਰ ਸਰਤਾਜ ਦਾ ਮਹਿਫਲ-ਏ-ਸਰਤਾਜ ਦਾ ਪ੍ਰੋਗਰਾਮ

ਨਿਊ ਚੰਡੀਗੜ੍ਹ ਵਿਖੇ ਨਵੇਂ ਸਾਲ ਨੂੰ ਮਨਾਉਣ ਲਈ ਅੱਜ ਰਾਤ ਓਮੈਕਸ ਟਾਵਰ ਵਿਖੇ ਸੂਫੀ ਗਾਇਕ ਸਤਿੰਦਰ ਸਰਤਾਜ ਦਾ ਮਹਿਫਲ-ਏ-ਸਰਤਾਜ ਦਾ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਹ ਪ੍ਰੋਗਰਾਮ ਰਾਤ 9 ਵਜੇ ਤੋਂ ਸ਼ੁਰੂ ਹੋਵੇਗਾ। ਇੱਥੇ 40 ਹਜ਼ਾਰ ਤੋਂ ਵੱਧ ਲੋਕਾਂ ਦੇ ਪਹੁੰਚਣ ਦੀ ਉਮੀਦ ਹੈ। ਮੁੰਬਈ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ

ਮੁੰਬਈ ਦੇ ਲੋਕ ਪਿਛਲੇ ਸਾਲ ਨੂੰ ਅਲਵਿਦਾ ਕਹਿਣ ਅਤੇ ਨਵੇਂ ਸਾਲ ਦਾ ਸਵਾਗਤ ਕਰਨ ਲਈ ਬੇਤਾਬ ਹਨ। ਨਵੇਂ ਸਾਲ ਦੇ ਸਵਾਗਤ ਲਈ ਮੁੰਬਈ ਵਾਸੀਆਂ ਦੀ ਭੀੜ ਨੂੰ ਦੇਖਦੇ ਹੋਏ ਮੁੰਬਈ ਪੁਲਿਸ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਇਸ ਦੌਰਾਨ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸੁਰੱਖਿਆ ਦੀ ਨਿਗਰਾਨੀ ਲਈ 8 ਵਧੀਕ ਪੁਲਿਸ ਕਮਿਸ਼ਨਰ, 29 ਡਿਪਟੀ ਪੁਲਿਸ ਕਮਿਸ਼ਨਰ, 53 ਸਹਾਇਕ ਪੁਲਿਸ ਕਮਿਸ਼ਨਰ, 2184 ਪੁਲਿਸ ਅਧਿਕਾਰੀ ਅਤੇ ਮੁੰਬਈ ਪੁਲਿਸ ਬਲ ਦੇ 12 ਹਜ਼ਾਰ 48 ਪੁਲਿਸ ਕਰਮਚਾਰੀ ਤਾਇਨਾਤ ਕੀਤੇ ਜਾਣਗੇ।

ਮੁੰਬਈ ਪੁਲਿਸ ਕਮਿਸ਼ਨਰ ਵਿਵੇਕ ਫਾਂਸਾਲਕਰ, ਪੁਲਿਸ ਦੇ ਵਿਸ਼ੇਸ਼ ਕਮਿਸ਼ਨਰ ਦੇਵੇਨ ਭਾਰਤੀ ਅਤੇ ਸੰਯੁਕਤ ਪੁਲਿਸ ਕਮਿਸ਼ਨਰ (ਕਾਨੂੰਨ ਅਤੇ ਵਿਵਸਥਾ) ਦੀ ਨਿਗਰਾਨੀ ਹੇਠ ਸੁਰੱਖਿਆ ਦੀ ਯੋਜਨਾ ਬਣਾਈ ਗਈ ਹੈ। ਐਸਆਰਪੀਐਫ ਪਲਟੂਨ, ਰੈਪਿਡ ਰਿਸਪਾਂਸ ਟੀਮ, ਬੀਡੀਐਸ, ਬੰਬ ਖੋਜ ਅਤੇ ਡਿਸਪੋਜ਼ਲ ਸਕੁਐਡ, ਦੰਗਾ ਕੰਟਰੋਲ ਦਸਤਾ, ਹੋਮ ਗਾਰਡਜ਼ ਨੂੰ ਮੁੰਬਈ ਦੀਆਂ ਮਹੱਤਵਪੂਰਨ ਥਾਵਾਂ 'ਤੇ ਤਾਇਨਾਤ ਕੀਤਾ ਗਿਆ ਹੈ।

ਨਾਗਰਿਕ ਮਹੱਤਵਪੂਰਨ ਜਨਤਕ ਸਥਾਨਾਂ, ਸ਼ਾਪਿੰਗ ਮਾਲਾਂ, ਹੋਟਲਾਂ ਅਤੇ ਮੁੰਬਈ ਦੇ ਬੀਚਾਂ 'ਤੇ ਵੱਖ-ਵੱਖ ਸਮਾਗਮਾਂ ਦਾ ਆਯੋਜਨ ਕਰਕੇ ਨਵੇਂ ਸਾਲ ਦਾ ਖੁਸ਼ੀ ਨਾਲ ਸਵਾਗਤ ਕਰਦੇ ਹਨ। ਇਸ ਲਈ ਮੁੰਬਈ ਪੁਲਿਸ ਨੇ ਇਹ ਯਕੀਨੀ ਬਣਾਉਣ ਲਈ ਪ੍ਰਬੰਧ ਕੀਤੇ ਹਨ ਕਿ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ ਅਤੇ ਕਾਨੂੰਨ ਵਿਵਸਥਾ ਬਣਾਈ ਰੱਖੀ ਜਾਵੇ। ਨਵੇਂ ਸਾਲ ਦਾ ਸੁਆਗਤ ਕਰਨ ਲਈ ਘਰਾਂ ਤੋਂ ਬਾਹਰ ਨਿਕਲਣ ਵਾਲੇ ਲੋਕਾਂ ਦੇ ਵਾਹਨਾਂ ਦੀ ਜਾਂਚ ਲਈ ਮੁੰਬਈ 'ਚ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕੀਤੀ ਗਈ ਹੈ। ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਗਈ।

ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਿਆਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਮੁੰਬਈ ਪੁਲਸ ਸ਼ਰਾਬ ਦੇ ਨਸ਼ੇ 'ਚ ਗੱਡੀ ਚਲਾਉਣ, ਔਰਤਾਂ ਨਾਲ ਦੁਰਵਿਵਹਾਰ ਕਰਨ, ਜਨਤਕ ਥਾਵਾਂ 'ਤੇ ਅਰਾਜਕਤਾ ਫੈਲਾਉਣ, ਨਾਜਾਇਜ਼ ਸ਼ਰਾਬ ਵੇਚਣ ਅਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਅਤੇ ਸੇਵਨ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨ ਲਈ ਤਿਆਰ ਹੈ। ਮੁੰਬਈ ਪੁਲਿਸ ਨੇ ਲੋਕਾਂ ਨੂੰ ਨਵੇਂ ਸਾਲ ਨੂੰ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਉਣ ਦੀ ਅਪੀਲ ਕੀਤੀ ਹੈ।

ਪੁਲਿਸ ਨੇ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਮਦਦ ਲਈ 100 ਨੰਬਰ 'ਤੇ ਸੰਪਰਕ ਕਰਨ ਦੀ ਅਪੀਲ ਕੀਤੀ ਹੈ।

ਨਵੇਂ ਸਾਲ ਦਾ ਸਵਾਗਤ ਕਰਨ ਲਈ ਵਰਲੀ ਸੀ ਫੇਸ ਦੇ ਬੀਚ 'ਤੇ ਵੱਡੀ ਗਿਣਤੀ 'ਚ ਨਾਗਰਿਕ ਇਕੱਠੇ ਹੋਏ। ਉਨ੍ਹਾਂ ਦੀਆਂ ਗੱਡੀਆਂ ਖਾਨ ਅਬਦੁਲ ਗੱਫਾਰ ਖਾਨ ਮਾਰਗ, ਡਾ. ਐਨੀ ਬੇਸੰਤ ਮਾਰਗ, ਆਰਜੀ ਥਡਾਨੀ ਮਾਰਗ 'ਤੇ ਪਾਰਕ ਕੀਤੀਆਂ ਜਾਂਦੀਆਂ ਹਨ। ਇਸ ਕਾਰਨ ਇਸ ਇਲਾਕੇ ਵਿੱਚ ਭਾਰੀ ਟ੍ਰੈਫਿਕ ਜਾਮ ਰਹਿੰਦਾ ਹੈ ਅਤੇ ਨਾਗਰਿਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ 31 ਦਸੰਬਰ ਦੀ ਅੱਧੀ ਰਾਤ 12 ਵਜੇ ਤੋਂ 1 ਜਨਵਰੀ ਦੀ ਸਵੇਰ 8 ਵਜੇ ਤੱਕ ਇਸ ਖੇਤਰ ਵਿੱਚ ਨੋ ਪਾਰਕਿੰਗ ਜ਼ੋਨ ਐਲਾਨਿਆ ਗਿਆ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਪੁਲਿਸ (ਟ੍ਰੈਫਿਕ) ਸਮਾਧ ਪਵਾਰ ਨੇ ਦਿੱਤੀ। ਖਾਨ ਅਬਦੁਲ ਗੱਫਾਰ ਖਾਨ ਮਾਰਗ ਅਤੇ ਆਰਜੀ ਥਡਾਨੀ ਮਾਰਗ 'ਤੇ ਸੜਕ ਦੇ ਦੋਵੇਂ ਪਾਸੇ ਵਾਹਨਾਂ ਦੀ ਪਾਰਕਿੰਗ 'ਤੇ ਪਾਬੰਦੀ ਲਗਾਈ ਗਈ ਹੈ।

ਨਵੇਂ ਸਾਲ ਦੀ ਪੂਰਵ ਸੰਧਿਆ ਤੋਂ ਪਹਿਲਾਂ, ਜੰਮੂ-ਸਾਂਬਾ-ਕਠੂਆ ਰੇਂਜ ਲਈ ਜੰਮੂ ਅਤੇ ਕਸ਼ਮੀਰ ਪੁਲਿਸ ਦੇ ਡੀਆਈਜੀ ਸ਼ਿਵ ਕੁਮਾਰ ਸ਼ਰਮਾ (ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ) ਨੇ ਇੱਕ ਐਡਵਾਈਜ਼ਰੀ ਜਾਰੀ ਕੀਤੀ। ਇਸ ਵਿੱਚ ਨਾਗਰਿਕਾਂ ਨੂੰ ਸੁਰੱਖਿਆ ਅਤੇ ਸਮਾਜ ਭਲਾਈ ਨੂੰ ਪਹਿਲ ਦੇ ਕੇ ਜ਼ਿੰਮੇਵਾਰੀ ਨਾਲ ਮਨਾਉਣ ਦੀ ਅਪੀਲ ਕੀਤੀ ਗਈ ਹੈ।

ਪੁਲਿਸ ਨੇ ਨਵੇਂ ਸਾਲ ਦੀ ਸ਼ੁਰੂਆਤ 'ਤੇ ਪਰਿਵਾਰ, ਖਾਸ ਕਰਕੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਨਾਲ ਵਧੀਆ ਸਮਾਂ ਬਿਤਾਉਣ ਅਤੇ ਉਨ੍ਹਾਂ ਦਾ ਆਸ਼ੀਰਵਾਦ ਲੈਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਮਾਪਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਦੇ ਠਿਕਾਣਿਆਂ ਬਾਰੇ ਸੁਚੇਤ ਰਹਿਣ। ਸਲਾਹ ਵਿੱਚ, ਸ਼ਰਾਬ ਦੇ ਪ੍ਰਭਾਵ ਹੇਠ ਗੱਡੀ ਚਲਾਉਣ ਦੀ ਸਖ਼ਤ ਮਨਾਹੀ ਹੈ।

ਲੋਕਾਂ ਨੂੰ ਹਾਦਸਿਆਂ ਅਤੇ ਕਾਨੂੰਨੀ ਨਤੀਜਿਆਂ ਤੋਂ ਬਚਣ ਲਈ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਅਪੀਲ ਕੀਤੀ ਗਈ ਹੈ। ਤਿਉਹਾਰਾਂ ਦੌਰਾਨ ਨਾਗਰਿਕਾਂ ਨੂੰ ਔਰਤਾਂ ਦਾ ਸਤਿਕਾਰ ਕਰਨ ਅਤੇ ਭਾਈਚਾਰਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਵੀ ਯਾਦ ਕਰਵਾਇਆ ਗਿਆ ਹੈ।

ਨਵੇਂ ਸਾਲ ਦੀ ਪੂਰਵ ਸੰਧਿਆ ਨਾਲ ਜੁੜੇ ਜੋਖਮਾਂ ਨੂੰ ਉਜਾਗਰ ਕਰਦੇ ਹੋਏ, ਪੁਲਿਸ ਨੇ ਵਾਹਨ ਮਾਲਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਰਾਤ ਭਰ ਆਪਣੇ ਵਾਹਨਾਂ ਨੂੰ ਬਿਨਾਂ ਕਿਸੇ ਧਿਆਨ ਦੇ ਨਾ ਛੱਡਣ ਕਿਉਂਕਿ ਇਸ ਸਮੇਂ ਚੋਰੀ ਅਤੇ ਚੋਰੀ ਦੀਆਂ ਸੰਭਾਵਨਾਵਾਂ ਵਧੇਰੇ ਹੁੰਦੀਆਂ ਹਨ।

ਪੁਲਿਸ ਨੇ ਖਾਸ ਤੌਰ 'ਤੇ ਬਜ਼ੁਰਗ ਨਾਗਰਿਕਾਂ ਅਤੇ ਕਮਜ਼ੋਰ ਸਮੂਹਾਂ ਲਈ ਸ਼ਾਂਤ ਅਤੇ ਸ਼ਾਂਤੀਪੂਰਨ ਮਾਹੌਲ ਬਣਾਈ ਰੱਖਣ ਲਈ ਕਿਹਾ ਹੈ।ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਹਸਪਤਾਲਾਂ ਅਤੇ ਹੋਰ ਸੰਵੇਦਨਸ਼ੀਲ ਖੇਤਰਾਂ ਦੇ ਨੇੜੇ ਗੜਬੜ ਪੈਦਾ ਕਰਨ ਤੋਂ ਬਚਣ। ਸ਼ਰਾਬ ਪੀ ਕੇ ਡਰਾਈਵਿੰਗ, ਓਵਰ ਸਪੀਡਿੰਗ ਅਤੇ ਸਟੰਟ ਬਾਈਕਿੰਗ ਵਰਗੀਆਂ ਉਲੰਘਣਾਵਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ, ਜਿਸ ਨਾਲ ਹਰੇਕ ਲਈ ਸੁਰੱਖਿਅਤ ਮਾਹੌਲ ਯਕੀਨੀ ਬਣਾਇਆ ਜਾਵੇਗਾ।ਸੁਰੱਖਿਆ ਤੋਂ ਇਲਾਵਾ, ਐਡਵਾਈਜ਼ਰੀ 'ਸੇ ਨੋ ਟੂ ਡਰੱਗਜ਼ ਐਂਡ ਸੇ ਯੈੱਸ ਟੂ ਲਾਈਫ' ਦੇ ਨਾਅਰੇ ਨਾਲ ਇੱਕ ਮਜ਼ਬੂਤ ਨਸ਼ਾ ਵਿਰੋਧੀ ਸੰਦੇਸ਼ ਨੂੰ ਉਤਸ਼ਾਹਿਤ ਕਰਦੀ ਹੈ। ਐਡਵਾਈਜ਼ਰੀ ਵਿੱਚ, ਪੁਲਿਸ ਨਾਗਰਿਕਾਂ ਨੂੰ ਆਪਣੀ ਸਿਹਤ ਨੂੰ ਤਰਜੀਹ ਦੇਣ ਅਤੇ ਹਾਨੀਕਾਰਕ ਪਦਾਰਥਾਂ ਤੋਂ ਦੂਰ ਰਹਿਣ ਲਈ ਉਤਸ਼ਾਹਿਤ ਕਰਦੀ ਹੈ

# "ਨਸ਼ਾਖੋਰੀ" ਇੱਕ ਨਾਮੁਰਾਦ ਮਰਜ




ਮੁਢਲੀ ਜਾਨਕਾਰੀ - ਸਾਥੀਓ ! ਉਪਰੋਕਤ ਕਥਨ ਬਾਰੇ ਅੱਜ ਦੇ ਜ਼ਮਾਨੇ ਵਿੱਚ ਜਿਆਦੀ ਲੰਮੀ ਚੌੜੀ ਭੂਮਿਕਾ ਬੰਨ੍ਹਣ ਦੀ ਲੋੜ ਨਹੀਂ ਹੈ,ਇਸ ਬਾਰੇ ਹਰ ਕੋਈ ਅਗਾਊਂ ਹੀ ਜਾਣਦਾ ਹੈ। ਇਸ ਬਾਰੇ ਦੱਸਣ ਦੀ ਕੋਈ ਤੀਹ ਚਾਲੀ ਵਰ੍ਹੇ ਪਹਿਲਾਂ ਲੋੜ ਪੈਂਦੀ ਸੀ, ਜਦੋਂ ਦੁੱਧ, ਘਿਉ, ਲੱਸੀ ,ਦਹੀਂ, ਦਾਲਾਂ, ਸਬਜ਼ੀਆਂ,ਅਨਾਜ ਯਾਨੀ ਹਰ ਚੀਜ ਘਰ ਦੀ,ਤਾਜ਼ੀ ਤੇ ਕੁਦਰਤੀ ਤੌਰ ਤੇ ਆਪਣੇ ਹੀ ਖੇਤਾਂ ਵਿੱਚ,ਰੂੜੀ ਦੀ ਖਾਦ ਪਾ ਕੇ ਉਗਾਈ ਜਾਂਦੀ ਸੀ। ਜੋ ਕਿ ਸਰੀਰਕ ਤੇ ਬੁੱਧੀ ਦੇ ਵਿਕਾਸ ਲਈ ਸੰਤੁਲਿਤ ਹੁੰਦੀ ਸੀ। ਉਨਾਂ ਸਮਿਆਂ ਵਿੱਚ ਵੀ ਘਰ ਦੀਆਂ ਧੀਆਂ ਭੈਣਾਂ ਸਾਹਮਣੇ ਦਾਰੂ ਵੀ ਨਹੀਂ ਪੀਤੀ ਜਾਂਦੀ ਸੀ। ਕਿਸੇ ਬਹੁਤ ਹੀ ਵੱਡੀ ਖੁਸ਼ੀ ਸਮੇਂ ਘਰ ਦੇ ਇੱਕ ਲੁਕਵੇਂ ਕੋਨੇ ਵਿੱਚ ਮਰਦਾਂ ਦੀ ਮਹਿਫ਼ਿਲ ਲੱਗਦੀ ਸੀ, ਜਿੱਥੇ ਔਰਤਾਂ ਦੇ ਜਾਣ ਦੀ ਮਨਾਹੀ ਹੋਇਆ ਕਰਦੀ ਸੀ। ਅੱਜ ਕੱਲ ਦੇ ਚਿੱਟੇ,ਕਾਲੇ,ਨਾਗ, ਨਾਗਣੀ, ਗਾਂਜਾ , ਮਰਜੁਆਨਾ ਤੇ ਹੋਰ ਤਰਾਂ ਤਰਾਂ ਦੇ ਸਿੰਥੈਟਿਕ ਤੇ ਨਾਨ ਸਿੰਥੈਟਿਕ ਨਸ਼ਿਆਂ ਦਾ ਨਾਮੋ ਨਿਸ਼ਾਨ ਨਹੀਂ ਸੀ ਹੁੰਦਾ । ਉਪਰੋਕਤ ਨਸ਼ਿਆਂ ਵਿੱਚੋਂ ਕੁਝ ਕੁ ਇਸਤੇਮਾਲ ਕੀਤੇ ਜਾਂਦੇ ਸੀ ,ਪਰ ਬਹੁਤ ਹੀ ਥੋੜੀ ਮਾਤਰਾ ਵਿੱਚ ਤੇ ਜੇ ਕੋਈ ਅਜਿਹਾ ਨਸ਼ਾ ਕਰਦਾ ਦੇਖ ਲਿਆ ਜਾਵੇ ਤਾਂ ਸਮਾਜ ਹੀ ਉਸਨੂੰ ਅਮਲੀ ਅਮਲੀ ਕਹਿਕੇ ਪਿੰਡੋਂ ਬਾਹਰ ਭਜਾ ਦਿੰਦਾ ਸੀ ,ਪਰ ਅੱਜ ਕਲ ਜਦੋਂ ਨਸ਼ਾ ਕਰਨ ਵਾਲਿਆਂ ਦੀ ਹੀ ਗਿਣਤੀ, ਸੋਫੀਆਂ ਨਾਲੋਂ ਵੱਧ ਚੁੱਕੀ ਹੈ ਤਾਂ ਕੋਈ ਕਿਸੇ ਨੂੰ ਕੀ ਕਹਿ ਸਕਦਾ ਹੈ। ਮੈਂ ਏਥੇ ਨਸ਼ੀਲੇ ਪਦਾਰਥਾਂ ਦੇ ਨਾਂ ਨਹੀਂ ਦੱਸਾਂਗੀ ਪਰ ਬੇਹੱਦ ਅਫਸੋਸ ਹੁੰਦਾ ਹੈ,ਇਹ ਪੜ ਤੇ ਸੁਣਕੇ ਕਿ ਫਲਾਣੇ ਪਿੰਡ ਦੇ ਪੰਜ ਜੀਆ ਨਸ਼ੇ ਦੀ ਭੇਂਟ ਚੜ੍ਹ ਗਏ ਤੇ ਇਸੇ ਤਰਾਂ ਦੀਆਂ ਹਜ਼ਾਰਾਂ ਹੀ ਹੋਰ ਦਿਲ ਦਹਿਲਾ ਦੇਣ ਵਾਲੀਆਂ ਰੋਜ਼ਾਨਾਂ ਦੀਆਂ ਖਬਰਾਂ। ਇਨਾਂ ਨਸ਼ੀਲੇ ਪਦਾਰਥਾਂ ਵਿੱਚ ਕੁਝ ਦਵਾਈਆਂ ਤੇ ਤਰਾਂ ਤਰਾਂ ਦੇ ਸਿੰਥੈਟਿਕ,ਜੋ ਕਿ ਅੱਡੋ ਅੱਡ ਢੰਗਾਂ ਨਾਲ ਵਰਤੇ ਜਾਂਦੇ ਹਨ। ਸ਼ਰਾਬ,ਜਿਹੜੀ ਸਭ ਤੋਂ ਵੱਧ ਨੁਕਸਾਨ ਕਰਦੀ ਹੈ ਤੇ ਸੌਖੀ ਉਪਲਭਧ ਹੈ, ਨੂੰ ਨਸ਼ਾ ਮੰਨਿਆ ਹੀ ਨਹੀਂ ਜਾਂਦਾ।

ਕਾਰਨ :- ਨਸ਼ੇ ਦੇ ਆਦੀ ਹੋਣ ਦੇ ਕਈ ਹਜ਼ਾਰਾਂ ਕਾਰਣ ਹਨ,ਪਰ ਅਸਲ ਵਿੱਚ ਕੋਈ ਵੀ ਨਹੀਂ। ਇਸ ਤੱਥ ਦਾ ਮਤਲਬ ਬੜਾ ਸਰਲ ਹੈ, ਜਿਹੜੇ ਹਲਾਤਾਂ ਦੀ ਦੁਹਾਈ ਦੇ ਕੇ ਕੁਝ ਲੋਕ ਉਸਨੂੰ ਕਾਰਨ ਦੱਸਦੇ ਹਨ,ਦੂਸਰੇ ਪੱਖ ਵੱਲ ਝਾਤ ਮਾਰੀਏ ਤਾਂ ਉਸ ਤੋਂ ਵੱਡੇ ਵੱਡੇ ਉਸੇ ਤਰਾਂ ਦੇ ਦੁਖ ਦਰਦ ਕੁਝ ਦੂਸਰੇ ਲੋਕ ਬੜੀ ਸਹਿਜਤਾ ਨਾਲ ਹੰਢਾਈ ਜਾਂਦੇ ਹਨ।

# ਬਚਪਨ ਵਿੱਚ ਮਾਪਿਆਂ ਵੱਲੋਂ ਪਰਵਰਿਸ਼ ਵਿੱਚ ਕਮੀ, ਘਰੇਲੂ ਲੜਾਈ ਝਗੜੇ ਵਾਲਾ ਮਹੌਲ, ਬੱਚਿਆਂ ਨੂੰ ਉਮਰ ਮੁਤਾਬਿਕ ਮਾਰਗਦਰਸ਼ਨ ਦੀ ਕਮੀ, ਮਾਪਿਆਂ ਵੱਲੋਂ ਬੱਚਿਆਂ ਨੂੰ ਘੱਟ ਸਮਾਂ ਦੇਣਾ, ਯਾਰਾਂ ਦੋਸਤਾਂ ਵੱਲੋਂ ਬੁਲਿੰਗ ਦਾ ਸ਼ਿਕਾਰ ਹੋਣਾ,ਨੀਚਾ ਦਿਖਾਉਣਾ ਤੇ ਕਈ ਤਰਾਂ ਦਾ ਸ਼ੋਸਣ ਹੋਣਾ , ਮਾਪਿਆਂ ਨਾਲ ਜ਼ਿਆਦਾ ਨਜ਼ਦੀਕੀ ਨਾ ਹੋਣ ਕਾਰਣ ਸ਼ਰਮ ਦੇ ਮਾਰੇ ਦੱਸ ਨਾ ਸਕਣਾ,ਹੀਨ ਭਾਵਨਾ ਦਾ ਸ਼ਿਕਾਰ ਹੋਣ ਕਾਰਣ ਨਕਲੀ ਤਾਕਤ ਬਣਾਉਣ ਤੋ ਦਿਖਾਉਣ ਲਈ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਲੱਗ ਜਾਣਾ। ਖਾਸ ਕਰਕੇ ਕਾਲਜਾਂ ਆਦਿ ਵਿੱਚ ਆਪਣੇ ਸਾਥੀਆਂ ਵਿੱਚ ਆਪਣੀ ਝੂਠੀ ਸ਼ਾਨ ਬਣਾਉਣ ਲਈ। ਬੇਰੋਜ਼ਗਾਰੀ ਨੂੰ ਵੀ ਇੱਕ ਕਾਰਣ ਮੰਨਿਆ ਜਾਂਦਾ ਹੈ,ਪਰ ਇਹ ਐਡਾ ਵੱਡਾ ਕਾਰਨ ਨਹੀਂ ਹੈ, ਜ਼ਿਆਦਾਤਰ ਅਸੀਂ ਆਪ ਹੀ ਮਾੜਾ ਮੋਟਾ ਕੰਮ ਕਰਕੇ ਰਾਜੀ ਨਹੀਂ। ਇਸ ਵਿੱਚ ਜ਼ਿਆਦਾਤਰ ਭੇਡ ਚਾਲ ਤੇ ਝੂਠੀ ਸ਼ਾਨ ਮਾਰ ਜਾਂਦੀ ਹੈ। ਹਰ ਕੋਈ ਕੁਰਸੀ ਤੇ ਬੈਠਣ ਵਾਲਾ ਕੰਮ ਭਾਲਦਾ ਹੈ,ਮਿਹਨਤ ਤੋਂ ਜੀਅ ਚੁਰਾਇਆ ਜਾਂਦਾ ਹੈ।

# ਜਾਨੀ ਜਾਂ ਮਾਲੀ ਨੁਕਸਾਨ , ਪਰਿਵਾਰਕ ਕਲੇਸ਼, ਕਿਸ਼ੋਰ ਅਵਸਥਾ ਵਿੱਚ ਪਿਆਰ ਆਦਿ ਵਿੱਚ ਦਿਲ ਟੁੱਟਣਾ,ਕਈ ਤਰਾਂ ਦੇ ਧੋਖੇ ਹੋ ਜਾਣੇ,ਜੀਵਨ ਦੇ ਕਈ ਕੰਮਾਂ ਵਿਚੋਂ ਅਸਫ਼ਲਤਾ ਦਾ ਮੂੰਹ ਦੇਖਣਾ ਪੈਣਾ ,ਜਿਹੇ ਅਨੇਕਾਂ ਹੀ ਛੋਟੇ ਵੱਡੇ ਕਾਰਨ ਹਨ, ਜਿਹਨਾਂ ਦਾ ਮਾਨਸਿਕ ਤੌਰ ਤੇ ਡਟਕੇ ਸਾਹਮਣਾ ਕਰਨ ਦੀ ਬਜਾਏ ਅਸੀਂ ਦਵਾਈਆਂ ਨੂੰ ਆਸਾਨ ਜਿਹਾ ਢੰਗ ਬਣਾ ਲਿਆ ਹੈ।

# ਤੱਤਸਾਰ ਇਹ ਹੈ ਕਿ ਜਿਸ ਢੰਗ ਨਾਲ ਪੁਰਾਣੇ ਮਾਪੇ ਆਪਣੇ ਬੱਚਿਆਂ ਦੀ ਪਾਲਣਾ ਕਰਿਆ ਕਰਦੇ ਸਨ,ਭਾਵ ਉਨਾਂ ਨੂੰ ਤਨੋਂ ਮਨੋਂ ਮਜ਼ਬੂਤ ਕੀਤਾ ਜਾਂਦਾ ਸੀ,ਉਸਦੀ ਅੱਜ ਕਲ ਜਿੰਨੀ ਜ਼ਿਆਦਾ ਲੋੜ ਹੈ,ਉਨਾਂ ਹੀ ਇਸ ਵੱਲ ਘੱਟ ਧਿਆਨ ਦਿੱਤਾ ਜਾਂਦਾ, ਸਗੋਂ ਇਓਂ ਕਹਿ ਲਓ ਓਨਾਂ ਨੂੰ ਆਪ ਹੀ ਸੋਹਲ ਬਣਾ ਦਿੱਤਾ ਜਾਂਦਾ ਹੈ।

# ਯਾਰਾਂ ਦੋਸਤਾਂ ਦਾ ਸਾਥ ਉਨਾਂ ਦੇ ਨਸ਼ਾ ਕਰਨ ਲਈ ਕਹਿਣ ਤੇ, ਮਨਾ ਨਾ ਕਰ ਸਕਣ ਵਿੱਚ ਆਪਣੀ ਹੇਠੀ ਸਮਝਣਾ ਵੀ ਨਸ਼ੇ ਦੀ ਆਦਤ ਦਾ ਕਾਰਣ ਬਣਦਾ ਹੈ।

# ਸਭ ਤੋਂ ਵੱਡਾ ਕਾਰਨ ਨਸ਼ਿਆਂ ਦਾ ਖੁੱਲ੍ਹਾ ਵਗਦਾ ਦਰਿਆ,ਜਿਸ ਵਿੱਚ ਤਰਾਂ ਤਰਾਂ ਦੇ ਸਿੰਥੈਟਿਕ ਤੇ ਨੌਨਸਿੰਨਥੈਟਿਕ ਨਸ਼ੇ ਸ਼ਾਮਿਲ ਹਨ,ਜੋ ਪ੍ਰਚੂਨ ਦੀ ਤਰਾਂ ਹਰ ਥਾਂ ਆਸਾਨੀ ਨਾਲ ਉਪਲਬਧ ਹਨ। ਅਫਸੋਸ ਦੀ ਗੱਲ ਹੈ ਕਿ ਇਨਾਂ ਨਸ਼ੀਲੇ ਪਦਾਰਥਾਂ ਨੂੰ ਇਸਤੇਮਾਲ ਕਰਨ ਦੇ ਢੰਗ ਵੀ ਉਹ ਹਨ ਜੋ ਸੋਚੇ ਵੀ ਨਹੀਂ ਜਾ ਸਕਦੇ,ਭਾਵ,ਸ਼ਾਹ ਰਾਹੀਂ ਸੁੰਘ ਕੇ, ਸਰਿੰਜ ਰਾਹੀਂ ਵੇਨ ਵਿੱਚ ਟੀਕਾ ਲਾਕੇ ਤੇ ਹੋਰ ਕਈ ਤਰੀਕਿਆਂ ਨਾਲ। ਸਭਤੋਂ ਵੱਡੀ ਗੱਲ ਹੈ ਕਿ ਇਹ ਸਭ ਕੁਝ ਸਰਕਾਰਾਂ ਦੀ ਨੱਕ ਹੇਠ ਹੋਣ ਦੇ ਬਾਵਜੂਦ,ਉਹ ਚੁਪ ਬੈਠੀਆਂ ਹਨ। ਜਦਕਿ ਸਭ ਕੁਝ ਸੰਭਵ ਹੈ। ਇਹ ਸਿਰਫ ਸਾਡੇ ਹੀ ਮੁਲਕ ਦੀ ਗੱਲ ਨਹੀਂ ਸਗੋ ਸੰਪੂਰਨ ਜਗਤ ਇਸ ਗੈਂਗ ਵਾਰ ਦਾ ਸ਼ਿਕਾਰ ਹੈ। ਹੈਰਾਨੀ ਦੀ ਗੱਲ ਹੈ ਕਿ ਬਹੁਤ ਸਾਰੀਆਂ ਸਰਕਾਰਾਂ ਨੇ ਕਈ ਮਾਦਕ ਪਦਾਰਥਾਂ ਨੂੰ ਵਰਤਣ ਦੀ ਕਨੂੰਨੀ ਛੋਟ ਵੀ ਦੇ ਦਿੱਤੀ ਹੈ। ਨਾਲ ਹੀ ਸਰਕਾਰਾਂ ਦੇ ਬਰਾਬਰ ਹੀ ਸਮਾਜ ਦਾ ਵੀ ਇਸ ਉੱਤੇ ਕਾਬੂ ਨਾ ਪਾਉਣ ਦੀ ਕੋਸ਼ਿਸ਼ ਕਰਨਾ ਇੱਕ ਕਾਰਣ ਹੈ।

# ਬਹੁਤਾਤ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਐਸ਼ਪ੍ਰਸਤੀ ਲਈ ਤੇ ਆਰਥਿਕ ਉੱਚਤਾ ਦਾ ਵਿਖਾਵਾ ਕਰਨ ਕੀਤੀ ਜਾਂਦੀ ਹੈ।

ਨਸ਼ਿਆਂ ਦੇ ਮਾਰੂ ਸਿੱਟੇ :- ਅੱਜ ਹਰ ਸਵੇਰ,ਹਰ ਤਰਾਂ ਦੇ ਮੀਡੀਆ ਦੀਆਂ ਸੁਰਖੀਆਂ ਨਸ਼ੀਲੇ ਪਦਾਰਥ ਕਾਰਣ ਹੋਈ ਮੌਤ ਦੀ ਖ਼ਬਰ ਨਾਲ ਸ਼ੁਰੂ ਹੁੰਦੀ ਹੈ। ਪਹਿਲਾਂ ਤਾਂ ਇਹ ਡਰੱਗ ਦੀ ਲਤ ਲੱਗ ਜਾਣ ਤੇ ਘਰ ਦੇ ਆਰਥਿਕ ਉਜਾੜੇ ਦੇ ਨਾਲ ਨਾਲ, ਗ੍ਰਹਿ ਕਲੇਸ਼, ਪਰਿਵਾਰਾਂ ਦਾ ਟੁੱਟਣਾ, ਆਤਮਹੱਤਿਆਵਾਂ, ਦੂਸਰੇ ਪਰਿਵਾਰਕ ਮੈਂਬਰ ਦੀ ਹੱਤਿਆ, ਜਿਨਾਂ ਵਿੱਚ ਮਾਤਾ ਪਿਤਾ ਵੀ ਸ਼ਾਮਿਲ ਹਨ ਆਮ ਕਹਾਣੀ ਬਣ ਚੁੱਕੀ ਹੈ। ਨਸ਼ੇ ਦੇ ਆਦੀ ਮਨੁੱਖ ਨੂੰ ਜਦੋਂ ਤੋਟ ਲੱਗਦੀ ਹੈ ਤਾਂ ਉਸਨੂੰ ਕੁਝ ਨਹੀਂ ਦਿਖਦਾ, ਨਸ਼ਾ ਖਰੀਦਣ ਲਈ, ਪੈਸਿਆਂ ਵਾਸਤੇ ਆਪਣੇ ਹੀ ਪਰਿਵਾਰ ਦੇ ਜੀਆਂ ਦੀ ਹੱਤਿਆ ਕਰਨ ਤੋਂ ਵੀ ਨਹੀਂ ਡਰਦਾ। ਇਸਦੇ ਨਾਲ ਹੀ ਵਰਨਣ ਯੋਗ ਹੈ ਕਿ ਨਸ਼ੇ ਦੀ ਓਵਰਡਓਜ ਕਾਰਣ ਲੱਖਾਂ ਜਾਨਾਂ ਜਾ ਚੁੱਕੀਆਂ ਹਨ, ਪਰਿਵਾਰਾਂ ਦੇ ਪਰਿਵਾਰ ਤਬਾਹ ਹੋ ਚੁੱਕੇ ਹਨ, ਬੱਚੇ ਯਤੀਮ, ਔਰਤਾਂ ਵਿਧਵਾ ਤੇ ਮਾਤਾ ਪਿਤਾ, ਆਪਣੇ ਬੁਢਾਪੇ ਦੇ ਸਹਾਰਿਆਂ ਤੋਂ ਸੱਖਣੇ ਹੋ ਚੁੱਕੇ ਹਨ। ਕਈਆਂ ਘਰਾਂ ਵਿੱਚ ਤਾਂ,ਜੇ ਤਿੰਨ ਲੜਕੇ ਸਨ ਤਾਂ ਤਿੰਨਾਂ ਦੇ ਤਿੰਨ ਨਸ਼ੇ ਦੀ ਭੇਂਟ ਚੜ ਚੁੱਕੇ ਹਨ ।

ਪਿੱਛੇ ਬਜ਼ੁਰਗ ਮਾਂ ਬਾਪ, ਪਤਨੀਆਂ ਤੇ ਬੱਚੇ ਆਪਣੇ ਕਦੇ ਨਾ ਪਰਤਣ ਵਾਲੇ ਪਰਿਵਾਰ ਦੇ ਜੀਅ ਦੀ ਉਡੀਕ ਕਰਦੇ ਭੁੱਖਣ ਭਾਣੇ ਪੂਰੀ ਤਰ੍ਹਾਂ ਰੁਲ ਚੁੱਕੇ ਹਨ। ਇੱਥੋਂ ਤੱਕ ਕਿ ਬਾਕੀ ਬਚੇ ਪਰਿਵਾਰ ਦੇ ਮੈਂਬਰਾਂ ਨੇ ਵੀ ਆਤਮਹੱਤਿਆ ਕਰਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ। ਇਸਦੇ ਨਾਲ ਹੀ ਜੀਵਨ ਵਿਚਲੇ ਛੋਟੇ ਛੋਟੇ ਪਰ ਸਦਾ ਡੰਗ ਮਾਰਨ ਵਾਲੇ ਨਸ਼ੇ ਦੇ ਦਿੱਤੇ ਦੁਖਾਂ ਨੇ ਸੰਸਾਰ ਭਰ ਨੂੰ ਘੁਣ ਦੀ ਤਰਾਂ ਖਾ ਲਿਆ ਹੈ।

ਨਸ਼ਿਆਂ ਤੋਂ ਕਿਵੇਂ ਬਚਿਆ ਜਾਵੇ:- ਆਤਮ ਚਿੰਤਨ ਤੋਂ ਵੱਧ ਕੇ ਕਿਸੇ ਵੀ ਮਾੜੀ ਆਦਤ ਨੂੰ ਤਿਆਗਣ ਦਾ ਕੋਈ ਹੋਰ ਤਰੀਕਾ ਨਹੀਂ। ਇਸਦੇ ਨਾਲ਼ ਹੀ ਡਾਕਟਰੀ ਸਹਾਇਤਾ,ਕੌਂਸਲਿੰਓਗ, ਵਰਜਿਸ਼,ਯੋਗਾ ਤੇ ਪ੍ਰਭੂ ਨਾਮ ਦਾ ਓਟ ਆਸਰਾ,ਇਸ ਰੋਗ ਤੋਂ ਸਦਾ ਲਈ ਮੁਕਤ ਕਰਵਾ ਦਿੰਦਾ ਹੈ ਬੱਸ ਮਾਨਸਿਕਤਾ ਮਜ਼ਬੂਤ ਹੋਣੀ ਚਾਹੀਦੀ ਹੈ।

ਨਰੇਸ਼ ਕੁਮਾਰੀ ਸ਼ਰਮਾ
+02041755894





ਕੁਲਵਿੰਦਰ ਸਿੰਘ ਝੱਮਟ QSM ਅਤੇ ਉਹਨਾਂ ਦੇ ਪੂਰੇ ਪਰਿਵਾਰ ਵੱਲੋਂ 'ਮਹਿਕ-ਏ-ਵਤਨ' ਦੀ ਪੂਰੀ ਟੀਮ ਨੂੰ ਨਵੇਂ ਸਾਲ ਦੀਆਂ ਬਹੁਤ-ਬਹੁਤ ਮੁਬਾਰਕਾਂ।

**Kulwinder Singh JHAMAT QSM**
**Pokeno Jandu Singh Wala**



ਹਰਦੇਵ ਬਰਾੜ ਅਤੇ ਉਹਨਾਂ ਦੇ ਪੂਰੇ ਪਰਿਵਾਰ ਵੱਲੋਂ 'ਮਹਿਕ-ਏ-ਵਤਨ' ਦੀ ਪੂਰੀ ਟੀਮ ਅਤੇ ਪੂਰੇ ਨਗਰ ਨਿਵਾਸੀਆਂ ਨੂੰ ਨਵੇਂ ਸਾਲ ਦੀਆਂ ਬਹੁਤ-ਬਹੁਤ ਮੁਬਾਰਕਾਂ।

# ਸਾਲ ਦੇ ਆਖਰੀ ਟ੍ਰੇਡਿੰਗ ਸੈਸ਼ਨ ਦੀ ਕਮਜ਼ੋਰ ਸ਼ੁਰੂਆਤ, ਸੈਂਸੈਕਸ 350 ਅੰਕ ਡਿੱਗਿਆ



ਮੁੰਬਈ - ਮੰਗਲਵਾਰ (31 ਦਸੰਬਰ) ਨੂੰ ਘਰੇਲੂ ਸ਼ੇਅਰ ਬਾਜ਼ਾਰਾਂ 'ਚ ਕਾਰੋਬਾਰੀ ਸੈਸ਼ਨ ਦੀ ਕਮਜ਼ੋਰ ਸ਼ੁਰੂਆਤ ਰਹੀ। ਸੈਂਸੈਕਸ ਕਰੀਬ 350 ਅੰਕਾਂ ਤੱਕ ਕਮਜ਼ੋਰ ਰਿਹਾ। ਨਿਫਟੀ 100 ਅੰਕ ਹੇਠਾਂ ਕਾਰੋਬਾਰ ਕਰ ਰਿਹਾ ਸੀ। ਬੈਂਕ ਨਿਫਟੀ 'ਚ ਵੀ 230 ਅੰਕਾਂ ਦੀ ਗਿਰਾਵਟ ਦੇਖਣ ਨੂੰ ਮਿਲੀ। ਆਈਟੀ ਸ਼ੇਅਰਾਂ 'ਤੇ ਦਬਾਅ ਰਿਹਾ, ਪ੍ਰਾਈਵੇਟ ਬੈਂਕ ਸੈਕਟਰ ਵੀ ਕਮਜ਼ੋਰ ਨਜ਼ਰ ਆ ਰਿਹਾ ਸੀ। ਜਦੋਂ ਕਿ ਧਾਤਾਂ ਮਾਮੂਲੀ ਵਾਧੇ ਨਾਲ ਖੁੱਲ੍ਹੀਆਂ। ਬਾਜ਼ਾਰ ਨੂੰ ਸਰਕਾਰੀ ਸ਼ੇਅਰਾਂ ਤੋਂ ਸਮਰਥਨ ਮਿਲ ਰਿਹਾ ਸੀ।

ਪਿਛਲੇ ਬੰਦ ਦੇ ਮੁਕਾਬਲੇ, ਸੈਂਸੈਕਸ ਸ਼ੁਰੂਆਤ ਵਿੱਚ 266 ਅੰਕ ਡਿੱਗ ਕੇ 77,982 'ਤੇ ਖੁੱਲ੍ਹਿਆ। ਨਿਫਟੀ 84 ਅੰਕ ਡਿੱਗ ਕੇ 23,560 'ਤੇ ਖੁੱਲ੍ਹਿਆ। ਬੈਂਕ ਨਿਫਟੀ 304 ਅੰਕ ਡਿੱਗ ਕੇ 50,648 'ਤੇ ਖੁੱਲ੍ਹਿਆ। ਮੁਦਰਾ ਬਾਜ਼ਾਰ 'ਚ ਰੁਪਿਆ 6 ਪੈਸੇ ਕਮਜ਼ੋਰ ਹੋ ਕੇ 85.59 ਡਾਲਰ 'ਤੇ ਖੁੱਲ੍ਹਿਆ। ਨਿਫਟੀ 'ਤੇ, ਓਐਨਜੀਸੀ, ਬੀਈਐਲ, ਐਸਬੀਆਈ ਇੰਡੀਆ, ਕੋਲ ਇੰਡੀਆ, ਕੋਟਕ ਬੈਂਕ ਸਭ ਤੋਂ ਵੱਧ ਲਾਭ ਦਰਜ ਕਰ ਰਹੇ ਸਨ।

ਇਸ ਤੋਂ ਇਲਾਵਾ ਟੈਕ ਮਹਿੰਦਰਾ, ਇੰਫੋਸਿਸ, ਟੀਸੀਐਸ, ਐਚਸੀਐਲ ਟੈਕ, ਐਸਬੀਆਈ ਲਾਈਫ ਵਿੱਚ ਗਿਰਾਵਟ ਦਰਜ ਕੀਤੀ ਗਈ।

ਸਾਲ ਦੇ ਆਖਰੀ ਕਾਰੋਬਾਰੀ ਸੈਸ਼ਨ 'ਚ ਗਲੋਬਲ ਬਾਜ਼ਾਰਾਂ ਤੋਂ ਕਮਜ਼ੋਰ ਸੰਕੇਤ ਮਿਲੇ ਹਨ। ਅਮਰੀਕੀ ਬਾਜ਼ਾਰਾਂ 'ਚ ਭਾਰੀ ਗਿਰਾਵਟ ਕਾਰਨ ਸੈਂਟੀਮੈਂਟ ਥੋੜ੍ਹਾ ਨਕਾਰਾਤਮਕ ਹੈ। ਵੈਸੇ ਵੀ, ਇਹ ਸਾਲ ਦਾ ਆਖਰੀ ਵਪਾਰਕ ਸੈਸ਼ਨ ਹੋਣ ਦੇ ਕਾਰਨ, ਕੁਝ ਖਦਸ਼ੇ ਬਰਕਰਾਰ ਹਨ। ਸਵੇਰੇ ਗਿਫਟ ਨਿਫਟੀ 150 ਅੰਕ ਡਿੱਗ ਗਿਆ ਸੀ। ਪ੍ਰੀ-ਓਪਨਿੰਗ 'ਚ ਵੀ ਗਿਰਾਵਟ ਦੇ ਨਾਲ ਖੁੱਲ੍ਹਣ ਦੇ ਸੰਕੇਤ ਮਿਲੇ ਹਨ।

ਭਾਰੀ ਉਤਾਰ-ਚੜ੍ਹਾਅ ਦੇ ਵਿਚਕਾਰ ਅਮਰੀਕੀ ਬਾਜ਼ਾਰ ਲਗਾਤਾਰ ਦੂਜੇ ਦਿਨ ਭਾਰੀ ਗਿਰਾਵਟ ਦੇ ਨਾਲ ਬੰਦ ਹੋਏ। ਹੇਠਲੇ ਪੱਧਰ ਤੋਂ 300 ਅੰਕਾਂ ਦੀ ਰਿਕਵਰੀ ਦੇ ਬਾਵਜੂਦ, ਡਾਓ 425 ਅੰਕ ਡਿੱਗ ਗਿਆ ਅਤੇ ਨੈਸਡੈਕ ਵੀ 250 ਅੰਕ ਡਿੱਗ ਗਿਆ। ਅੱਜ ਸਵੇਰੇ ਘੀਵਠ ਨਿਫਟੀ 150 ਅੰਕ ਡਿੱਗ ਕੇ 23675 ਦੇ ਨੇੜੇ ਸੀ। ਡਾਓ ਫਿਊਚਰ ਫਲੈਟ ਸੀ। ਜਾਪਾਨ ਦੇ ਬਾਜ਼ਾਰਾਂ 'ਚ ਅੱਜ ਛੁੱਟੀ ਹੈ, ਜਦਕਿ ਬ੍ਰਿਟੇਨ, ਸਿੰਗਾਪੁਰ ਅਤੇ ਹਾਂਗਕਾਂਗ ਦੇ ਬਾਜ਼ਾਰ ਅੱਧੇ ਦਿਨ ਲਈ ਖੁੱਲ੍ਹੇ ਰਹਿਣਗੇ।

ਕਮੋਡਿਟੀ ਬਾਜ਼ਾਰ 'ਚ ਸੋਨਾ 2620 ਡਾਲਰ ਅਤੇ ਚਾਂਦੀ 2 ਫੀਸਦੀ ਡਿੱਗ ਕੇ 29 ਡਾਲਰ 'ਤੇ ਆ ਗਈ। ਕੱਚਾ ਤੇਲ 74 ਡਾਲਰ 'ਤੇ ਸੀ। ਘਰੇਲੂ ਬਾਜ਼ਾਰ 'ਚ ਸੋਨਾ 270 ਰੁਪਏ ਅਤੇ ਚਾਂਦੀ 1300 ਰੁਪਏ ਦੀ ਗਿਰਾਵਟ ਨਾਲ 87,600 ਰੁਪਏ ਦੇ ਹੇਠਾਂ ਬੰਦ ਹੋਇਆ।

# ਦੱਖਣੀ ਕੋਰੀਆ ਦੇ ਮੁਅੱਤਲ ਰਾਸ਼ਟਰਪਤੀ ਦੀਆਂ ਵਧੀਆਂ ਮੁਸ਼ਕਲਾਂ



ਸਿਓਲ : ਦੱਖਣੀ ਕੋਰੀਆ ਦੀ ਅਦਾਲਤ ਨੇ ਮੁਅੱਤਲ ਰਾਸ਼ਟਰਪਤੀ ਯੂਨ ਸੁਕ ਯੋਲ ਲਈ ਗ੍ਰਿਫਤਾਰੀ ਵਾਰੰਟ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰਾਸ਼ਟਰਪਤੀ ਯੂਨ ਸੁਕ ਯੋਲ ਨੂੰ 3 ਦਸੰਬਰ ਨੂੰ ਮਾਰਸ਼ਲ ਲਾਅ ਲਾਗੂ ਕਰਨ ਦੇ ਫੈਸਲੇ ਕਾਰਨ ਸੱਤਾ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। ਸੰਯੁਕਤ ਜਾਂਚ ਹੈੱਡਕੁਆਰਟਰ ਨੇ ਇਕ ਬਿਆਨ ਵਿਚ ਕਿਹਾ, "ਮੁਅੱਤਲ ਰਾਸ਼ਟਰਪਤੀ ਯੂਨ ਸੁਕ ਯੋਲ ਲਈ ਇਕ ਗ੍ਰਿਫਤਾਰੀ ਵਾਰੰਟ ਅਤੇ ਤਲਾਸ਼ੀ ਵਾਰੰਟ ਅੱਜ ਸਵੇਰੇ ਸੰਯੁਕਤ ਜਾਂਚ ਹੈੱਡਕੁਆਰਟਰ ਦੁਆਰਾ ਜਾਰੀ ਕੀਤਾ ਗਿਆ ਹੈ।" ਸਥਾਨਕ ਮੀਡੀਆ ਮੁਤਾਬਕ ਦੱਖਣੀ ਕੋਰੀਆ 'ਚ ਮੌਜੂਦਾ ਰਾਸ਼ਟਰਪਤੀ ਲਈ ਇਹ ਪਹਿਲਾ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਹੈ। ਸੀਆਈਓ ਨੇ ਗ੍ਰਿਫਤਾਰੀ ਵਾਰੰਟ ਦੇਣ ਵਿਚ ਅਦਾਲਤ ਦੇ ਤਰਕ 'ਤੇ ਕੋਈ ਟਿੱਪਣੀ ਨਹੀਂ ਕੀਤੀ। ਅਦਾਲਤ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਇਹ ਅਸਪੱਸ਼ਟ ਸੀ ਕਿ ਯੂਨ ਲਈ ਗ੍ਰਿਫਤਾਰੀ ਵਾਰੰਟ ਕਦੋਂ ਅਤੇ ਕਿਵੇਂ ਲਾਗੂ ਕੀਤਾ ਜਾਵੇਗਾ। ਦੱਖਣੀ ਕੋਰੀਆ ਦੀ ਰਾਸ਼ਟਰਪਤੀ ਸੁਰੱਖਿਆ ਸੇਵਾ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਉਚਿਤ ਪ੍ਰਕਿਰਿਆ ਅਨੁਸਾਰ ਗ੍ਰਿਫਤਾਰੀ ਵਾਰੰਟ 'ਤੇ ਵਿਚਾਰ ਕਰੇਗੀ। ਸੀਆਈਓ ਨੇ ਕਿਹਾ ਕਿ ਅਦਾਲਤ ਨੇ ਯੂਨ ਦੇ ਨਿਵਾਸ ਲਈ ਸਰਚ ਵਾਰੰਟ ਨੂੰ ਵੀ ਮਨਜ਼ੂਰੀ ਦਿੱਤੀ ਹੈ। ਇਸ ਤੋਂ ਪਹਿਲਾਂ ਪੁਲਸ ਨੇ ਜਾਂਚ ਦੇ ਹਿੱਸੇ ਵਜੋਂ ਰਾਸ਼ਟਰਪਤੀ ਦਫਤਰ 'ਤੇ ਛਾਪਾ ਮਾਰਨ ਦੀ ਸਫਲਤਾਪੂਰਵਕ ਕੋਸ਼ਿਸ਼ ਕੀਤੀ ਸੀ, ਪਰ ਰਾਸ਼ਟਰਪਤੀ ਸੁਰੱਖਿਆ ਸੇਵਾ ਦੁਆਰਾ ਰੋਕੇ ਜਾਣ ਕਾਰਨ ਇਹ ਅਸਫਲ ਰਹੀ। ਯੂਨ ਸੰਭਾਵਿਤ ਬਗਾਵਤ ਦੇ ਦੋਸ਼ਾਂ 'ਤੇ ਅਪਰਾਧਿਕ ਜਾਂਚ ਦਾ ਸਾਹਮਣਾ ਕਰ ਰਿਹਾ ਹੈ। ਬਗਾਵਤ ਉਨ੍ਹਾਂ ਕੁਝ ਦੋਸ਼ਾਂ ਵਿੱਚੋਂ ਇਕ ਹੈ ਜਿਸ ਲਈ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਨੂੰ ਛੋਟ ਨਹੀਂ ਹੈ। ਇਸ ਦੇ ਨਾਲ ਹੀ ਤੁਹਾਨੂੰ ਦੱਸ ਦੇਈਏ ਕਿ ਐਮਰਜੈਂਸੀ ਦੇ ਸਮੇਂ ਦੱਖਣੀ ਕੋਰੀਆ ਵਿਚ ਮਾਰਸ਼ਲ ਲਾਅ ਲਗਾਇਆ ਗਿਆ ਸੀ, ਇਸਦਾ ਮਤਲਬ ਹੈ ਦੇਸ਼ ਵਿਚ ਅਸਥਾਈ ਰਾਜ, ਇਸਦਾ ਮਤਲਬ ਹੈ ਕਿ ਦੇਸ਼ ਦੀ ਕਮਾਨ ਫੌਜ ਦੇ ਹੱਥਾਂ ਵਿਚ ਚਲੀ ਜਾਂਦੀ ਹੈ। ਇਸ ਦਾ ਕਾਰਨ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਚੁਣੀ ਹੋਈ ਸਰਕਾਰ ਆਪਣਾ ਕੰਮ ਕਰਨ ਤੋਂ ਅਸਮਰੱਥ ਹੈ। ਦੱਖਣੀ ਕੋਰੀਆ 'ਚ ਆਖਰੀ ਵਾਰ 1979 'ਚ ਇਸ ਦਾ ਐਲਾਨ ਕੀਤਾ ਗਿਆ ਸੀ, ਜਦੋਂ ਦੱਖਣੀ ਕੋਰੀਆ ਦੇ ਉਸ ਸਮੇਂ ਦੇ ਫੌਜੀ ਤਾਨਾਸ਼ਾਹ ਪਾਰਕ ਚੁੰਗ-ਹੀ ਦੀ ਤਖਤਾਪਲਟ ਦੌਰਾਨ ਹੱਤਿਆ ਕਰ ਦਿੱਤੀ ਗਈ ਸੀ।

CHEAP CLEANING



Cheap Lawn Mowing
Gardening
House Cleaning

For Free quote call
0204915760

# ਹੁਣ ਕੇਂਦਰੀ ਹਥਿਆਰਬੰਦ ਫੋਰਸਾਂ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਮਿਲਣਗੇ 1-1 ਕਰੋੜ ਰੁਪਏ



ਚੰਡੀਗੜ੍ਹ, - ਹਰਿਆਣਾ ਮੰਤਰੀ ਮੰਡਲ ਨੇ ਕੇਂਦਰੀ ਹਥਿਆਰਬੰਦ ਫੋਰਸਾਂ ਅਤੇ ਕੇਂਦਰੀ ਹਥਿਆਰਬੰਦ ਪੁਲਸ ਫੋਰਸ (ਸੀ. ਏ. ਪੀ. ਐੱਫ.) ਦੇ ਸ਼ਹੀਦ ਜਵਾਨਾਂ ਦੇ ਪਰਿਵਾਰਾਂ ਨੂੰ ਦਿੱਤੀ ਜਾਣ ਵਾਲੀ ਐਕਸ-ਗ੍ਰੇਸ਼ੀਆ ਰਕਮ ਨੂੰ ਵਧਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਹੁਣ ਐਕਸ-ਗ੍ਰੇਸ਼ੀਆ ਰਕਮ 50 ਲੱਖ ਰੁਪਏ ਦੀ ਥਾਂ ਇਕ ਕਰੋੜ ਰੁਪਏ ਹੋ ਗਈ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ 2024-25 ਦੇ ਆਪਣੇ ਬਜਟ ਭਾਸ਼ਣ 'ਚ ਸ਼ਹੀਦਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਕੁਰਬਾਨੀ ਨੂੰ ਮਾਨਤਾ ਦਿੰਦੇ ਹੋਏ ਐਕਸ-ਗ੍ਰੇਸ਼ੀਆ ਰਕਮ 50 ਲੱਖ ਰੁਪਏ ਤੋਂ ਵਧਾ ਕੇ 1 ਕਰੋੜ ਰੁਪਏ ਕਰਨ ਦਾ ਐਲਾਨ ਕੀਤਾ ਸੀ। ਸ਼ਨੀਵਾਰ ਕੈਬਨਿਟ ਦੀ ਮੀਟਿੰਗ 'ਚ ਇਸ ਨੂੰ ਮਨਜ਼ੂਰੀ ਦਿੱਤੀ ਗਈ।

ਸੀ.ਏ.ਪੀ.ਐੱਫ.ਮੁਲਾਜ਼ਮਾਂ ਦੇ ਮਾਮਲੇ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲਾ ਦੇ ਅਧਿਕਾਰ ਖੇਤਰ 'ਚ ਆਉਂਦੇ ਹਨ।

ਜੰਗ 'ਚ ਜਾਨਾਂ ਕੁਰਬਾਨ ਕਰਨ ਵਾਲੇ, ਅੱਤਵਾਦੀ ਹਮਲਿਆਂ, ਕੁਦਰਤੀ ਆਫ਼ਤਾਂ, ਚੋਣਾਂ ਤੇ ਬਚਾਅ ਕਾਰਜਾਂ ਆਦਿ ਦੌਰਾਨ ਸ਼ਹੀਦ ਹੋਣ ਵਾਲੇ ਹਰਿਆਣਾ ਦੇ ਜਵੀਨਾਂ ਨੂੰ ਐਕਸ-ਗ੍ਰੇਸ਼ੀਆ ਦਾ ਭੁਗਤਾਨ ਕੀਤਾ ਜਾਂਦਾ ਹੈ ।

ਹਰਿਆਣਾ ਮੰਤਰੀ ਮੰਡਲ ਨੇ ਸ਼ਹੀਦ ਸਬ-ਇੰਸਪੈਕਟਰ ਜੈ ਭਗਵਾਨ ਦੀ ਪਤਨੀ ਕਮਲੇਸ਼ ਸ਼ਰਮਾ ਨੂੰ ਸ਼ਾਮਲਾਟ ਜ਼ਮੀਨ 'ਚੋਂ 200 ਵਰਗ ਗਜ਼ ਦਾ ਪਲਾਟ ਅਲਾਟ ਕਰਨ ਦੇ ਵਿਕਾਸ ਤੇ ਪੰਚਾਇਤ ਵਿਭਾਗ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਸ਼ਹੀਦ ਜੈ ਭਗਵਾਨ ਫਰੀਦਾਬਾਦ ਜ਼ਿਲ੍ਹੇ ਦੇ ਬੱਲਭਗੜ੍ਹ ਬਲਾਕ ਦੇ ਪਿੰਡ ਹੀਰਾਪੁਰ ਦਾ ਵਸਨੀਕ ਸੀ। ਉਸ ਨੇ 12 ਦਸੰਬਰ 1995 ਨੂੰ ਅੱਤਵਾਦ ਵਿਰੋਧੀ ਆਪਰੇਸ਼ਨ ਦੌਰਾਨ ਆਪਣੀ ਜਾਨ ਕੁਰਬਾਨ ਕੀਤੀ। ਕਮਲੇਸ਼ ਸ਼ਰਮਾ ਕੋਲ ਫਿਲਹਾਲ ਕੋਈ ਮਕਾਨ ਨਹੀਂ ਹੈ।

ਹੁਣ ਮਾਂ ਬੋਲੀ ਦੇ ਨੂੰ ਸਤਿਆਗ੍ਰਹੀਆਂ ਨੂੰ ਹਰ ਮਹੀਨੇ 20 ਹਜ਼ਾਰ ਰੁਪਏ ਦੀ ਪੈਨਸ਼ਨ ਮਿਲੇਗੀ। ਸੋਧੀ ਹੋਈ ਸਕੀਮ ਅਨੁਸਾਰ ਲਾਭਪਾਤਰੀਆਂ ਲਈ ਪੈਨਸ਼ਨ ਦੀ ਰਕਮ ਤੁਰੰਤ 15,000 ਰੁਪਏ ਤੋਂ ਵਧਾ ਕੇ 20,000 ਰੁਪਏ ਕਰ ਦਿੱਤੀ ਗਈ ਹੈ। ਪੈਨਸ਼ਨ ਦੀ ਰਕਮ 'ਚ ਵਾਧੇ ਦੇ ਬਾਵਜੂਦ ਯੋਗਤਾ ਦੇ ਪੈਮਾਨੇ ਤੇ ਸਕੀਮ ਦੇ ਹੋਰ ਨਿਯਮ ਤੇ ਸ਼ਰਤਾਂ ਪਹਿਲਾਂ ਵਾਂਗ ਹੀ ਰਹਿਣਗੀਆਂ।

# ਦਿਲਜੀਤ ਦੋਸਾਂਝ ਦੇ ਸ਼ੋਅ ਨੂੰ ਲੈ ਕੇ ਲੁਧਿਆਣਾ 'ਚ ਵਿਆਹ ਵਰਗਾ ਮਾਹੌਲ

ਲੁਧਿਆਣਾ : ਮਸ਼ਹੂਰ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਆਪਣੇ 'ਦਿਲ ਲੂਮੀਨਾਟੀ' ਟੂਰ ਨੂੰ ਲੈ ਕੇ ਚਰਚਾ ਵਿਚ ਛਾਏ ਹੋਏ ਹਨ। ਉਨ੍ਹਾਂ ਵੱਲੋਂ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਜਾ ਕੇ ਸ਼ੋਅ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਦਿਲਜੀਤ ਦੋਸਾਂਝ ਦੇ ਸ਼ੋਅ ਦਾ ਆਨੰਦ ਲੈਣ ਲਈ ਵੱਡੀ ਗਿਣਤੀ ਵਿਚ ਲੋਕ ਵੀ ਪਹੁੰਚ ਰਹੇ ਹਨ। ਬੀਤੇ ਕੁਝ ਦਿਨ ਪਹਿਲਾਂ ਵੱਖ-ਵੱਖ ਸ਼ਰਤਾਂ ਦੇ ਤਹਿਤ ਚੰਡੀਗੜ੍ਹ ਵਿਚ ਦਿਲਜੀਤ ਦਾ ਸ਼ੋਅ ਹੋਇਆ ਸੀ, ਜਿਸ ਨੂੰ ਦੇਖਣ ਲਈ ਹਜ਼ਾਰਾਂ-ਲੱਖਾਂ ਦੀ ਗਿਣਤੀ ਵਿਚ ਲੋਕ ਦੂਰੋਂ-ਦੂਰੋਂ ਪਹੁੰਚੇ ਸਨ।

ਇਸ ਸ਼ੋਅ ਦੌਰਾਨ ਹਰ ਕੋਈ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਦੇ ਗਾਣਿਆਂ 'ਤੇ ਥਿਰਕਦਾ ਹੋਇਆ ਵਿਖਾਈ ਦਿੱਤਾ। ਇਸ ਦੌਰਾਨ ਸਾਰਿਆਂ ਦੇ ਚਿਹਰਿਆਂ 'ਤੇ ਇੱਕ ਵੱਖਰਾ ਹੀ ਉਤਸ਼ਾਹ ਵੇਖਣ ਨੂੰ ਮਿਲਿਆ ਸੀ। ਦਰਸ਼ਕਾਂ ਵਿੱਚ ਇਸ ਸ਼ੋਅ ਨੂੰ ਲੈ ਕੇ ਭਾਰੀ ਉਡੀਕ ਸੀ।ਇਸ ਕੰਸਰਟ ਨੂੰ ਲੈ ਕੇ ਜਿੱਥੇ ਕਿ ਲੋਕਾਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ, ਉੱਥੇ ਹੀ ਇਹ ਕੰਸਰਟ ਵਿਵਾਦਾਂ ਵਿਚ ਵੀ ਘਿਰਦਾ ਹੋਇਆ ਵਿਖਾਈ ਦਿੱਤਾ।




ਲੁਧਿਆਣਾ 'ਚ 31 ਦਸੰਬਰ ਨੂੰ ਦਿਲਜੀਤ ਦੋਸਾਂਝ ਦਾ ਸ਼ੋਅ ਹੋਣ ਜਾ ਰਿਹਾ ਹੈ। ਇਸੇ ਨੂੰ ਲੈ ਕੇ ਬੇਸ਼ੱਕ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਨੇ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਵੀ 2000 ਦੇ ਕਰੀਬ ਮੁਲਾਜ਼ਮਾਂ ਦੀ ਤੈਨਾਤੀ ਦੀ ਗੱਲ ਕਹੀ ਗਈ ਹੈ ਪਰ ਬਾਵਜੂਦ ਇਸ ਦੇ ਲੁਧਿਆਣਾ ਦੀਆਂ ਸੜਕਾਂ ਤੇ ਕੁਝ ਵੱਖਰੀਆਂ ਹੀ ਤਸਵੀਰਾਂ ਵੇਖਣ ਨੂੰ ਮਿਲੀਆਂ ਹਨ।

ਦੱਸ ਦਦੀਏ ਕਿ ਕਈ ਜਗ੍ਹਾ ਪੁੱਲ ਦੇ ਹੇਠਾਂ ਦਿਲਜੀਤ ਦੋਸਾਂਝ ਦੀਆਂ ਤਸਵੀਰਾਂ ਵੱਖ-ਵੱਖ ਅੰਦਾਜ਼ ਵਿਚ ਬਣਾਈਆਂ ਗਈਆਂ ਹਨ, ਜਿਸ ਨੂੰ ਲੋਕ ਬੇਹਦ ਪਸੰਦ ਕਰ ਰਹੇ ਹਨ। ਇਸ ਦੇ ਨਾਲ ਸੋਸ਼ਲ ਮੀਡੀਆ 'ਤੇ ਇਹ ਵੀ ਚਰਚਾਵਾਂ ਚੱਲ ਰਹੀਆਂ ਨੇ ਕਿ ਦਿਲਜੀਤ ਦੋਸਾਂਝ ਦਾ ਸ਼ੋਅ ਸਾਬਕਾ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਦੇ ਦਿਹਾਂਤ ਮਗਰੋਂ ਪੋਸਟਪੋਨ ਵੀ ਹੋ ਸਕਦਾ ਹੈ ਪਰ ਇਸ ਦੀ ਕੋਈ ਪੁਖਤਾ ਜਾਣਕਾਰੀ ਸਾਹਮਣੇ ਨਹੀਂ ਆਈ।

# ਹਰਸ਼ਿਕਾ ਨੇ ਜਿੱਤਿਆ 'ਬਾਲੀਵੁੱਡ ਮਿਸ ਇੰਡੀਆ' ਦਾ ਖ਼ਿਤਾਬ

ਮੁੰਬਈ - ਗਲਗੋਟੀਆ ਯੂਨੀਵਰਸਿਟੀ ਦੀ ਵਿਦਿਆਰਥਣ ਹਰਸ਼ਿਕਾ ਇਸ ਸਮੇਂ ਸੁਰਖੀਆਂ 'ਚ ਹੈ। ਹਰਸ਼ਿਕਾ ਨੇ 'ਬਾਲੀਵੁੱਡ ਮਿਸ ਇੰਡੀਆ ਕੰਟੈਸਟ' ਦਾ ਖਿਤਾਬ ਜਿੱਤ ਕੇ ਯੂਨੀਵਰਸਿਟੀ ਅਤੇ ਦੇਸ਼ ਦਾ ਨਾਂ ਰੌਸ਼ਨ ਕੀਤਾ। ਬਾਲੀਵੁੱਡ ਅਦਾਕਾਰਾ ਪ੍ਰੀਤੀ ਝਿਨਿਆਨੀ ਨੇ ਉਨ੍ਹਾਂ ਨੂੰ ਆਪਣੇ ਹੱਥਾਂ ਨਾਲ ਤਾਜ ਪਹਿਨਾਇਆ। ਇਸ ਦੌਰਾਨ ਹਰਸ਼ਿਕਾ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹੀ। ਹੁਣ ਇਸ ਸਮਾਗਮ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਖੂਬ ਸੁਰਖੀਆਂ ਬਟੋਰ ਰਹੀਆਂ ਹਨ।




19 ਸਾਲਾ ਹਰਸ਼ਿਕਾ ਪੱਤਰਕਾਰੀ (ਬੀ.ਜੇ.ਐੱਮ.ਸੀ.) ਦੀ ਦੂਜੇ ਸਾਲ ਦੀ ਵਿਦਿਆਰਥਣ ਹੈ, ਜਿਸ ਨੇ 'ਬਾਲੀਵੁੱਡ ਮਿਸ ਇੰਡੀਆ ਮੁਕਾਬਲੇ' ਦਾ ਖਿਤਾਬ ਜਿੱਤਿਆ ਹੈ। ਇਸ ਮੌਕੇ 'ਤੇ ਚੰਕੀ ਪਾਂਡੇ, ਡੇਜ਼ੀ ਸ਼ਾਹ, ਯਸ਼ ਅਹਲਾਵਤ, ਸਾਹਿਲ ਖਾਨ, ਸੰਗੀਤਾ ਬਿਜਲਾਨੀ ਅਤੇ ਕਾਵਿਆ ਪੰਜਾਬੀ ਵਰਗੀਆਂ ਬਾਲੀਵੁੱਡ ਅਤੇ ਫੈਸ਼ਨ ਜਗਤ ਦੀਆਂ ਕਈ ਵੱਡੀਆਂ ਹਸਤੀਆਂ ਮੌਜੂਦ ਸਨ, ਜਿਨ੍ਹਾਂ ਨੇ ਹਾਰਸ਼ਿਕਾ ਨੂੰ ਉਸਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਹਰਸ਼ਿਕਾ ਨੇ ਦੱਸਿਆ ਕਿ ਮੁਕਾਬਲੇ 'ਚ ਬਾਲੀਵੁੱਡ ਅਤੇ ਫੈਸ਼ਨ ਜਗਤ ਦੇ ਕਈ ਵੱਡੇ ਨਾਵਾਂ ਵਿਚਾਲੇ ਮੁਕਾਬਲਾ ਸੀ, ਜਿਸ ਕਾਰਨ ਉਸ ਨੂੰ ਆਪਣੇ ਹੁਨਰ ਅਤੇ ਆਤਮਵਿਸ਼ਵਾਸ ਨੂੰ ਸਾਬਤ ਕਰਨ ਦਾ ਚੰਗਾ ਮੌਕਾ ਮਿਲਿਆ।

ਹਰਸ਼ਿਕਾ ਜਮਸ਼ੇਦਪੁਰ (ਜਾਦੂਗੋੜਾ) ਦੀ ਰਹਿਣ ਵਾਲੀ ਹੈ। ਉਸ ਨੇ ਕਿਹਾ ਕਿ ਉਹ ਇਸ ਕਾਮਯਾਬੀ ਦਾ ਸਿਹਰਾ ਆਪਣੀ ਯੂਨੀਵਰਸਿਟੀ ਅਤੇ ਆਪਣੇ ਮਾਪਿਆਂ ਨੂੰ ਦਿੰਦੀ ਹੈ। ਹਰਸ਼ਿਕਾ ਮੁੰਬਈ, ਕੋਲਕਾਤਾ, ਦਿੱਲੀ ਵਰਗੇ ਕਈ ਵੱਡੇ ਸ਼ਹਿਰਾਂ 'ਚ ਹੋਏ ਮੁਕਾਬਲੇ ਵੀ ਜਿੱਤ ਚੁੱਕੀ ਹੈ।

# ਮਲਿਆਲਮ ਸਿਨੇਮਾ ਦੇ ਮਸ਼ਹੂਰ ਅਦਾਕਾਰ ਦੀ ਸ਼ੱਕੀ ਹਾਲਾਤ 'ਚ ਮੌਤ

ਤਿਰੂਵਨੰਤਪੁਰਮ : ਮਲਿਆਲਮ ਸਿਨੇਮਾ ਦੇ ਮਸ਼ਹੂਰ ਅਦਾਕਾਰ ਦਿਲੀਪ ਸ਼ੰਕਰ (50) ਇੱਥੇ ਇਕ ਹੋਟਲ ਦੇ ਕਮਰੇ ਵਿਚ ਮ੍ਰਿਤਕ ਹਾਲਤ ਵਿਚ ਪਾਏ ਗਏ। ਪੁਲਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਸ਼ੰਕਰ ਨੂੰ ਕਈ ਫਿਲਮਾਂ ਅਤੇ ਸੀਰੀਅਲਾਂ ਵਿਚ ਨਿਭਾਈਆਂ ਗਈਆਂ ਵੱਖ-ਵੱਖ ਭੂਮਿਕਾਵਾਂ ਲਈ ਜਾਣਿਆ ਜਾਂਦਾ ਸੀ।



ਪੁਲਸ ਨੇ ਦੱਸਿਆ ਕਿ ਉਹ ਇਕ ਸੀਰੀਅਲ ਦੀ ਸ਼ੂਟਿੰਗ ਲਈ 19 ਦਸੰਬਰ ਨੂੰ ਤਿਰੂਵਨੰਤਪੁਰਮ ਦੇ ਇਕ ਹੋਟਲ ਵਿਚ ਰੁਕਿਆ ਹੋਇਆ ਸੀ। ਇਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਹੋਟਲ ਸਟਾਫ ਨੇ ਦੋ ਦਿਨ ਪਹਿਲਾਂ ਸ਼ੰਕਰ ਨੂੰ ਆਖਰੀ ਵਾਰ ਉਸ ਦੇ ਕਮਰੇ 'ਚ ਦੇਖਿਆ ਸੀ। ਅਭਿਨੇਤਾ ਨੇ ਹੋਟਲ ਸਟਾਫ ਅਤੇ ਸੀਰੀਅਲ ਟੀਮ ਦੁਆਰਾ ਵਾਰ-ਵਾਰ ਕਾਲਾਂ ਦਾ ਜਵਾਬ ਨਹੀਂ ਦਿੱਤਾ, ਜਿਸ ਤੋਂ ਬਾਅਦ ਪੁਲਸ ਨੂੰ ਸੂਚਿਤ ਕੀਤਾ ਗਿਆ। ਪੁਲਸ ਨੇ ਦੱਸਿਆ, "ਕਮਰਾ ਅੰਦਰੋਂ ਬੰਦ ਸੀ। ਜਦੋਂ ਅਸੀਂ ਦਰਵਾਜ਼ਾ ਤੋੜਿਆ ਤਾਂ ਉਹ ਸਾਨੂੰ ਬੇਹੋਸ਼ ਹਾਲਤ ਵਿਚ ਮਿਲੇ।'' ਪੁਲਸ ਨੇ ਕਿਹਾ ਕਿ ਸ਼ੱਕ ਹੈ ਕਿ ਸ਼ੰਕਰ ਦੀ ਮੌਤ ਦੋ ਦਿਨ ਪਹਿਲਾਂ ਹੋਈ ਸੀ। ਪੁਲਸ ਨੇ ਕਿਹਾ ਕਿ ਸ਼ੰਕਰ ਦੀ ਪੋਸਟਮਾਰਟਮ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਡਿੱਗਣ ਤੋਂ ਬਾਅਦ ਸਿਰ ਵਿਚ ਸੱਟ ਲੱਗਣ ਤੋਂ ਬਾਅਦ ਅੰਦਰੂਨੀ ਖੂਨ ਵਹਿਣ ਕਾਰਨ ਉਨ੍ਹਾਂ ਦੀ ਮੌਤ ਹੋਈ ਹੋ ਸਕਦੀ ਹੈ। ਪੁਲਸ ਨੇ ਕਿਹਾ ਕਿ ਅਭਿਨੇਤਾ ਵੀ ਕਥਿਤ ਤੌਰ 'ਤੇ ਜਿਗਰ ਨਾਲ ਸਬੰਧਤ ਸਮੱਸਿਆਵਾਂ ਤੋਂ ਪੀੜਤ ਸੀ।

# ਕੈਂਸਰ ਪੀੜਤ ਹਿਨਾ ਖ਼ਾਨ ਨੇ ਦਿਲ ਦਹਿਲਾਉਣ ਵਾਲਾ ਦਿੱਤਾ ਬਿਆਨ

ਕੈਂਸਰ ਪੀੜਤ ਹਿਨਾ ਖ਼ਾਨ ਆਪਣੀ ਸਿਹਤ ਨੂੰ ਲੈ ਕੇ ਕਾਫੀ ਚਿੰਤਤ ਹੈ। ਬ੍ਰੈਸਟ ਕੈਂਸਰ ਨੇ ਉਸ ਦੀ ਹਾਲਤ ਅਜਿਹੀ ਬਣਾ ਦਿੱਤੀ ਹੈ ਕਿ ਉਹ ਆਪਣੀ ਜ਼ਿੰਦਗੀ 'ਚ ਅੱਗੇ ਨਹੀਂ ਵਧ ਪਾ ਰਹੀ। ਦਿਨ ਰਾਤ ਉਹ ਆਪਣੀ ਬੀਮਾਰੀ ਨੂੰ ਲੈ ਕੇ ਚਿੰਤਤ ਰਹਿੰਦੀ ਹੈ। ਹਿਨਾ ਖ਼ਾਨ ਨੂੰ ਇਸ ਸਾਲ ਕਾਫ਼ੀ ਦੁੱਖ ਝੱਲਣਾ ਪਿਆ ਹੈ ਅਤੇ ਹੁਣ ਉਸ ਨੇ ਸੋਸ਼ਲ ਮੀਡੀਆ 'ਤੇ ਆਪਣੇ ਪ੍ਰਸ਼ੰਸਕਾਂ ਨਾਲ ਆਪਣਾ ਦਰਦ ਸਾਂਝਾ ਕੀਤਾ ਹੈ। ਹਿਨਾ ਖ਼ਾਨ ਹੁਣ ਭਾਵੁਕ ਨਜ਼ਰ ਆ ਰਹੀ ਹੈ।

ਦੱਸ ਦੇਈਏ ਕਿ ਹਾਲ ਹੀ 'ਚ ਹਿਨਾ ਖ਼ਾਨ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਆਬੂ ਧਾਬੀ ਤੋਂ ਤਸਵੀਰਾਂ ਸ਼ੇਅਰ ਕਰਕੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਵਿਦੇਸ਼ਾਂ 'ਚ ਛੁੱਟੀਆਂ ਬਿਤਾਉਂਦੇ ਸਮੇਂ ਵੀ ਹਿਨਾ ਖ਼ਾਨ ਦੇ ਦਿਲ-ਦਿਮਾਗ 'ਚ ਇਕ ਹੀ ਖਿਆਲ ਸੀ ਅਤੇ ਉਹ ਸੀ ਕੈਂਸਰ। ਰੇਤ 'ਤੇ ਗੁੱਡ ਹੈਲਥ ਲਿਖ ਕੇ ਅਦਾਕਾਰਾ ਨੇ ਆਪਣੀ ਇੱਛਾ ਜ਼ਾਹਰ ਕੀਤੀ ਸੀ ਕਿ ਹੁਣ ਉਹ ਥੱਕ ਗਈ ਹੈ ਅਤੇ ਸਿਰਫ ਚੰਗੀ ਸਿਹਤ ਦੀ ਕਾਮਨਾ ਕਰਦੀ ਹੈ। ਉਸ ਦੀ ਬੇਵਸੀ ਨੂੰ ਦੇਖ ਕੇ ਪ੍ਰਸ਼ੰਸਕ ਵੀ ਨਿਰਾਸ਼ ਹੋ ਗਏ। ਇਸ ਦੌਰਾਨ ਹੁਣ ਹਿਨਾ ਖ਼ਾਨ ਦੀਆਂ ਕੁਝ ਹੋਰ ਪੋਸਟਾਂ ਸਾਹਮਣੇ ਆਈਆਂ ਹਨ, ਜੋ ਉਸ ਦੀ ਦਿਲ ਦਹਿਲਾਉਣ ਵਾਲੀ ਹਾਲਤ ਬਿਆਨ ਕਰ ਰਹੀਆਂ ਹਨ।

ਹਿਨਾ ਖ਼ਾਨ ਨੇ ਆਪਣੀ ਇੰਸਟਾਗ੍ਰਾਮ ਸਟੋਰੀ 'ਤੇ 2 ਪੋਸਟਾਂ ਸ਼ੇਅਰ ਕੀਤੀਆਂ ਹਨ। ਹਿਨਾ ਨੇ ਖੁਲਾਸਾ ਕੀਤਾ ਹੈ ਕਿ ਇਹ ਸਾਲ ਉਨ੍ਹਾਂ ਲਈ ਕਿਵੇਂ ਰਿਹਾ? ਅਭਿਨੇਤਰੀ ਨੇ ਇਕ ਨੋਟ ਸ਼ੇਅਰ ਕੀਤਾ, ਜਿਸ 'ਚ ਲਿਖਿਆ ਹੈ- 'ਇਹ ਮੇਰਾ ਸਭ ਤੋਂ ਵਧੀਆ ਸਾਲ ਨਹੀਂ ਸੀ ਪਰ ਮੈਂ ਇਸ ਤੋਂ ਬਹੁਤ ਕੁਝ ਸਿੱਖਿਆ ਹੈ।'

ਦੱਸ ਦੇਈਏ ਕਿ ਇਹ ਸਾਲ ਹਿਨਾ ਖ਼ਾਨ ਲਈ ਖਰਾਬ ਰਿਹਾ ਕਿਉਂਕਿ ਇਸ ਸਾਲ ਉਸ ਨੂੰ ਤੀਜੇ ਪੜਾਅ 'ਚ ਬ੍ਰੈਸਟ ਕੈਂਸਰ ਹੋਣ ਦੀ ਜਾਣਕਾਰੀ ਮਿਲੀ ਸੀ। ਇਸ ਦੌਰਾਨ ਅਦਾਕਾਰਾ ਨੂੰ ਕਾਫੀ ਸਰੀਰਕ ਅਤੇ ਮਾਨਸਿਕ ਤਣਾਅ 'ਚੋਂ ਗੁਜ਼ਰਨਾ ਪਿਆ। ਉਸ ਨੂੰ ਆਪਣੇ ਵਾਲ ਗੁਆਉਣੇ ਪਏ ਅਤੇ ਦਰਦ ਮਹਿਸੂਸ ਕਰਨਾ ਪਿਆ, ਜੋ ਹਰ ਲੜਕੀ ਲਈ ਇੱਕ ਬੁਰਾ ਅਤੇ ਡਰਾਉਣਾ ਸੁਫਨਾ ਹੈ। ਹਿਨਾ ਨੇ




ਆਪਣੀ ਮਾਂ ਨੂੰ ਟੁੱਟਦੇ ਦੇਖਿਆ ਅਤੇ ਉਸ ਨੂੰ ਭਿਆਨਕ ਦਰਦ ਸਹਿਣਾ ਪਿਆ।

ਦੱਸ ਦੇਈਏ ਕਿ ਇਸ ਤੋਂ ਬਾਅਦ ਹਿਨਾ ਖ਼ਾਨ ਨੇ ਇੱਕ ਹੋਰ ਪੋਸਟ ਸ਼ੇਅਰ ਕੀਤੀ ਹੈ। ਇਸ ਪੋਸਟ 'ਚ ਕੁਝ ਸਕਾਰਾਤਮਕਤਾ ਦਿਖਾਉਣ ਦੀ ਕੋਸ਼ਿਸ਼ ਕੀਤੀ ਅਤੇ ਆਪਣੇ ਲਈ ਹਿੰਮਤ ਪੈਦਾ ਕਰ ਰਹੀ ਹਾਂ। ਹਿਨਾ ਨੇ ਲਿਖਿਆ, 'ਸਵਰਗ ਤੋਂ ਕੋਈ ਤੁਹਾਡੀ ਜਿੱਤ ਲਈ ਪ੍ਰਾਰਥਨਾ ਕਰ ਰਿਹਾ ਹੈ। ਹਿਨਾ ਖ਼ਾਨ ਆਪਣੇ ਪਿਤਾ ਦੇ ਬਹੁਤ ਕਰੀਬ ਸੀ ਅਤੇ ਉਨ੍ਹਾਂ ਦੇ ਪਿਤਾ ਦਾ ਦਿਹਾਂਤ ਹੋ ਗਿਆ ਹੈ। ਹੁਣ ਇਸ ਪੋਸਟ ਨੂੰ ਦੇਖ ਕੇ ਅਜਿਹਾ ਲੱਗ ਰਿਹਾ ਹੈ ਜਿਵੇਂ ਹਿਨਾ ਆਪਣੇ ਪਿਤਾ ਨੂੰ ਯਾਦ ਕਰਕੇ ਖੁਦ ਨੂੰ ਮਜ਼ਬੂਤ ਬਣਾ ਰਹੀ ਹੈ ਅਤੇ ਕੈਂਸਰ ਨੂੰ ਹਰਾਉਣ ਦੀ ਕੋਸ਼ਿਸ਼ ਕਰ ਰਹੀ ਹੈ।

# ਗਰਮ ਮਸਾਲਿਆਂ ਰਾਹੀਂ ਇਲਾਜ ਕਰਨ ਦੇ ਢੰਗ

ਇਮਲੀ ਦੀ ਤਾਸੀਰ ਠੰਢੀ ਹੁੰਦੀ ਹੈ। ਪੱਕੀ ਹੋਈ ਇਮਲੀ ਦਾ ਸੇਵਨ ਕਰਨਾ ਲਾਭਦਾਇਕ ਹੁੰਦਾ ਹੈ। ਇਮਲੀ ਜਿੰਨੀ ਪੁਰਾਣੀ ਹੋਵੇ ਗੁਣਕਾਰੀ ਹੁੰਦੀ ਹੈ। ਇਮਲੀ ਖਾਣ ਨਾਲ ਦੰਦ ਖੱਟੇ ਹੋ ਜਾਂਦੇ ਹਨ। ਲੂਣ ਚੱਟਣ ਨਾਲ ਖੱਟਾਪਣ ਖਤਮ ਹੋ ਜਾਂਦਾ ਹੈ। ਜੋੜਾਂ ਦੇ ਦਰਦ ਦੇ ਰੋਗੀ, ਬੁਖਾਰ ਵਿਚ, ਮਾਹਵਾਰੀ ਦੌਰਾਨ ਇਮਲੀ ਦਾ ਸੇਵਨ ਨਹੀਂ ਕਰਨਾ ਚਾਹੀਦਾ।

ਇਕ ਗਿਲਾਸ ਪਾਣੀ ਵਿਚ ਸੁੱਕੀ ਪੱਕੀ ਹੋਈ ਇਮਲੀ ਭਿਉਂਕੇ ਰੱਖੋ। ਇਸ ਨੂੰ ਮਸਲ ਕੇ ਪਾਣੀ ਪੁਣ ਲਵੋ। ਸਵਾਦ ਅਨੁਸਾਰ ਗੁੜ, ਪੀਸੀ ਹੋਈ ਦਾਲ ਚੀਨੀ, ਕਾਲੀ ਮਿਰਚ, ਛੋਟੀ ਇਲਾਇਚੀ ਮਿਲਾਕੇ ਪੀਵੋ। ਸਰਬਤ ਜਾਇਕੇਦਾਰ ਹੁੰਦਾ ਹੈ ਅਤੇ ਭੁੱਖ ਵਧਾਉਂਦਾ ਹੈ। ਇਮਲੀ ਵਿਚ ਸਿਟਿਰਿਕ ਐਸਿਡ, ਟਾਰਟਰਿਕ ਐਸਿਡ, ਪੋਟਾਸੀਅਮ ਬਾਲਟਾਟਰੇਟ ਅਤੇ ਥੋੜੀ ਮਾਤਰਾ ਵਿਚ ਮੇਲਿਕ ਐਸਿਡ ਅਤੇ ਗੁਲੂਕੋਜ਼ ਹੁੰਦੇ ਹਨ।

ਇਮਲੀ ਦੀ ਬੀਜ਼ਾਂ ਦਾ ਅੱਧਾ ਚਮਚਾ ਚੂਰਨ, ਅੱਧਾ ਕੱਪ ਦਹੀਂ ਵਿਚ ਮਿਲਾਕੇ ਹਰ ਰੋਜ਼ ਤਿੰਨ ਵਾਰ ਖਾਉ। ਇਕ ਗਿਲਾਸ ਪਾਣੀ ਵਿਚ ਅੱਧਾ ਚਮਚਾ ਫਟਕੜੀ ਅਤੇ ਏਨਾ ਹੀ ਇਮਲੀ ਦੇ ਬੀਜਾਂ ਦਾ ਚੂਰਨ ਘੋਲਕੇ ਇਸ ਪਾਣੀ ਨਾਲ ਗੁਦਾ ਧੋਵੋ। ਕੁੱਝ ਹਫ਼ਤੇ ਇਸਦੀ ਵਰਤੋਂ ਕਾਂਚ ਨਿਕਲਣੀ ਠੀਕ ਹੋ ਜਾਵੇਗੀ।

ਜੇਕਰ ਪਿਸ਼ਾਬ ਵੱਧ ਆਉਂਦਾ ਹੋਵੇ ਤਾਂ ਰਾਤ ਨੂੰ ਇਮਲੀ ਦੇ ਦਸ ਬੀਜ ਪਾਣੀ ਵਿਚ ਭਿਉਂ ਦੇਵੋ। ਸਵੇਰੇ ਇਨ੍ਹਾਂ ਦੇ ਛਿਲਕੇ ਲਾਹ ਕੇ ਦੁੱਧ ਵਿਚ ਪੀਸ ਲਉ। ਗਰਮ ਦੁੱਧ ਵਿਚ ਖੰਡ ਮਿਲਾਕੇ ਹਰ ਰੋਜ਼ ਪੀਉ। ਜੇਕਰ ਪਿਸ਼ਾਬ ਸਮੇਂ ਜਲਨ ਹੁੰਦੀ ਹੋਵੇ ਤਾਂ ਇਮਲੀ ਦਾ ਪਾਣੀ ਮਿਸ਼ਰੀ ਮਿਲਾਕੇ ਪੀਵੋ।

ਬਹੁਤ ਲੰਬੇ ਸਮੇਂ ਤੋਂ ਦਸਤ ਹੋ ਰਹੇ ਹੋਣ ਤਾਂ ਇਸਨੂੰ ਸੰਗਰਿਹਣੀ ਕਹਿੰਦੇ ਹਨ। ਇਸ ਵਿਚ ਪਖਾਨਾ ਆਮ ਨਾਲੋਂ ਦੁੱਗਣਾ ਤਿਗੁੱਣਾ ਹੁੰਦਾ ਹੈ। ਮਲ




ਵਿਚ ਖੂਨ ਦੇ ਨਾਲ ਪੀਕ ਵੀ ਆਉਂਦੀ ਹੈ। ਦਸਤ ਦਾ ਵੇਗ ਐਨਾ ਤੇਜ਼ ਹੁੰਦਾ ਹੈ ਕਿ ਜੇਕਰ ਤੁਰੰਤ ਦਸਤ ਨਾ ਕੀਤਾ ਜਾਵੇ ਤਾਂ ਕੱਪੜੇ ਖਰਾਬ ਹੋਣ ਦਾ ਡਰ ਹੁੰਦਾ ਹੈ। ਇਸਨੂੰ ਠੀਕ ਕਰਨ ਲਈ ਇਕ ਗਿਲਾਸ ਪਾਣੀ ਵਿਚ ਇਮਲੀ ਦਾ ਗੁੱਦਾ ਭਿਉਂਕੇ ਪਾਣੀ ਪੁਣ ਲਉ। ਉਸ ਵਿਚ ਸੁਆਦ ਅਨੁਸਾਰ ਸੇਂਧਾ ਨਮਕ ਮਿਲਾ ਲਉ। ਕੇਲਾ ਖਾ ਕੇ ਤਿੰਨ ਘੁਟ ਇਹ ਪਾਣੀ ਪੀਉ। ਇਸ ਤਰ੍ਹਾਂ ਹਰ ਰੋਜ਼ ਤਿੰਨ ਵਾਰ ਇਕ ਇਕ ਕੇਲਾ ਇਮਲੀ ਦੇ ਪਾਣੀ ਨਾਲ ਖਾਵੋ। ਸੰਗ੍ਰਹਿਣੀ ਠੀਕ ਹੋ ਜਾਵੇਗੀ। ਇਮਲੀ ਦੇ ਬੀਜ ਪੀਸ ਕੇ ਅੱਧਾ ਚਮਚਾ ਚੂਰਨ ਠੰਢੇ ਪਾਣੀ ਨਾਲ ਹਰ ਰੋਜ਼ ਤਿੰਨ ਵਾਰ ਫੱਕੀ ਲਉ। ਸੰਗ੍ਰਹਿਣੀ ਵਿਚ ਲਾਭ ਹੁੰਦਾ ਹੈ। ਇਮਲੀ ਦਾ ਗੁੱਦਾ ਪਾਣੀ ਵਿਚ ਉਬਾਲ ਕੇ ਖੰਡ ਮਿਲਾਕੇ ਪਿਲਾਉਣ ਨਾਲ ਕਬਜ਼ ਦੂਰ ਹੋ ਜਾਂਦੀ ਹੈ। ਮਿਸ਼ਰੀ ਦੇ ਨਾਲ ਇਮਲੀ ਦਾ ਰਸ ਜਾਂ ਇਮਲੀ ਦਾ ਪਾਣੀ ਪੀਣ ਨਾਲ ਦਿਲ ਦੀ ਜਲਣ ਖਤਮ ਹੋ ਜਾਂਦੀ ਹੈ। ਇਮਲੀ ਦੇ ਬੀਜਾਂ ਦੀ ਗਿਰੀ ਪੱਥਰ ਉਪਰ ਘਸਾਕੇ ਗੁਹਾਰਨੀ ਤੇ ਲਾਉਣ ਨਾਲ ਤੁਰੰਤ ਠੰਢਕ ਮਿਲਦੀ ਹੈ। ਇਮਲੀ ਦੇ ਬੀਜਾਂ ਨੂੰ ਉਬਾਲਕੇ, ਪੀਸਕੇ ਫੋੜਿਆਂ ਅਤੇ ਸੋਜ਼ ਵਾਲੀ ਥਾਂ ਤੇ ਲਾਉਣ ਨਾਲ ਅਰਾਮ ਮਿਲਦਾ ਹੈ। ਗਰਮੀ ਦੇ ਬੁਖ਼ਾਰ ਅਤੇ ਪੀਲੀਏ ਵਿਚ ਇਮਲੀ ਦਾ ਪਾਣੀ ਪੀਣਾ ਲਾਭਦਾਇਕ ਹੁੰਦਾ ਹੈ। ਉਲਟੀ ਆਉਣ ਅਤੇ ਭੰਗ ਦਾ ਨਸ਼ਾ ਇਮਲੀ ਦਾ ਪਾਣੀ ਪੀਣ ਨਾਲ ਠੀਕ ਹੋ ਜਾਂਦੇ ਹਨ।

- ਇਮਲੀ ਅਤੇ ਲਸਣ ਬਰਾਬਰ ਮਾਤਰਾ ਵਿਚ ਪੀਸਕੇ ਛੋਟੀਆਂ ਛੋਟੀਆਂ ਗੋਲੀਆਂ ਬਣਾ ਲਉ। ਹਰ ਪੰਦਰਾਂ ਮਿੰਟ ਪਿੱਛੋਂ ਇਕ ਗੋਲੀ ਦੋ ਚਮਚੇ ਪਿਆਜ਼ ਦੇ ਰਸ ਵਿਚ ਘੋਲਕੇ ਪਿਲਾਵੋ। ਜਦੋਂ ਤੱਕ ਅਰਾਮ ਨਾ ਆਵੇ ਇਹੀ ਇਲਾਜ਼ ਚਾਲੂ ਰੱਖੋ। ਹੈਜ਼ਾ ਠੀਕ ਹੋ ਜਾਵੇਗਾ।
- ਪਾਚਨ ਸ਼ਕਤੀ ਵਧਾਉਣ ਲਈ ਪੰਜਾਹ ਗਰਾਮ ਇਮਲੀ ਇਕ ਗਿਲਾਸ ਪਾਣੀ ਭਿਉਂ ਦਿਉ। ਚੰਗੀ ਤਰ੍ਹਾਂ ਭਿੱਜ ਜਾਣ ਤੇ ਇਸ ਨੂੰ ਪਾਣੀ ਵਿਚ ਮਸਲ ਕੇ ਪੁਣ ਲਵੋ। ਇਸ ਵਿਚ ਸੁਆਦ ਅਨੁਸਾਰ ਖੰਡ, ਪੀਸਿਆ ਹੋਇਆ ਭੁੰਨਿਆ ਜੀਰਾ ਤੇ ਕਾਲੀ ਮਿਰਚ ਮਿਲਾਕੇ ਪੀਵੋ। ਭੋਜਨ ਹਜ਼ਮ ਹੁੰਦਾ ਹੈ ਤੇ ਭੁੱਖ ਵੀ ਤੇਜ਼ ਲੱਗਦੀ ਹੈ।
- ਇਮਲੀ ਨੂੰ ਵਰਤਣ ਦੇ ਪਿਛੋਂ ਬੀਜਾਂ ਨੂੰ ਅਕਸਰ ਸੁੱਟ ਦਿੱਤਾ ਜਾਂਦਾ ਹੈ। ਇਸਦੇ ਬੀਜਾਂ ਨੂੰ ਸੁੱਟਣਾ ਨਹੀਂ ਚਾਹੀਦਾ। ਇਹ ਅਤਿ ਗੁਣਕਾਰੀ ਹੁੰਦੇ ਹਨ। ਦੋ ਸੌ ਪੰਜਾਹ ਗਰਾਮ ਇਮਲੀ ਦੇ ਬੀਜ਼ ਚੰਗੀ ਤਰ੍ਹਾਂ ਭੁੰਨ ਲਉ। ਇਨ੍ਹਾਂ ਨੂੰ ਕੁੱਟਕੇ ਛਿਲਕਾ ਉਤਾਰਕੇ ਪੀਸ ਲਵੋ। ਇਸ ਵਿਚ ਦੋ ਸੌ ਪੰਜਾਹ ਗਰਾਮ ਦੇਸੀ ਖੰਡ ਮਿਲਾ ਲਵੋ। ਇਸਦੇ ਦੋ ਚਮਚੇ ਹਰ ਰੋਜ਼ ਸਵੇਰੇ ਗਰਮ ਦੁੱਧ ਨਾਲ ਸੇਵਨ ਕਰੋ। ਇਸ ਨਾਲ ਸਫ਼ੈਦ ਪਾਣੀ ਪੈਣਾ, ਸੁਪਨ ਦੋਸ਼ ਠੀਕ ਹੁੰਦੇ ਹਨ ਅਤੇ ਮਰਦਾਨਾ ਸ਼ਕਤੀ ਵਧਦੀ ਹੈ।

ਪੱਚੀ ਗਰਾਮ ਇਮਲੀ ਨੂੰ ਪੰਜ ਸੌ ਗਰਾਮ ਪਾਣੀ ਵਿਚ ਭਿਉਂਕੇ ਮਸਲਕੇ ਪੁਣ ਲਵੋ। ਇਸ ਵਿਚ ਪੰਜਾਹ ਗਰਾਮ ਮਿਸ਼ਰੀ ਇਕ ਚਮਚਾ ਦਾਲ ਚੀਨੀ, ਚਾਰ ਲੌਂਗ, ਚਾਰ ਛੋਟੀ ਇਲਾਇਚੀ, ਸਾਰਿਆਂ ਨੂੰ ਪੀਸਕੇ ਮਿਲਾ ਲਵੋ। ਰੋਗਾਂ ਦੇ ਕਾਰਨ ਹੋਈ ਕਮਜ਼ੋਰੀ ਨੂੰ ਮੁਕਾਉਣ ਵਿਚ ਅਤਿਅੰਤ ਸਹਾਈ ਹੋਵੇਗਾ ਅਤੇ ਭੁੱਖ ਤੇਜ਼ ਲੱਗੇਗੀ।

- ਅੱਧਾ ਕਿਲੋ ਇਮਲੀ ਦੇ ਬੀਜ਼ ਚਾਰ ਦਿਨ ਪਾਣੀ ਵਿਚ ਭਿਉਂਕੇ ਰੱਖੋ। ਫੇਰ ਛਿਲਕਾ ਉਤਾਰਕੇ ਛਾਵੇਂ ਸੁਕਾ ਲਉ। ਸੁਕਣ ਤੇ ਬਰਾਬਰ ਮਾਤਰਾ ਵਿਚ ਮਿਸ਼ਰੀ ਮਿਲਾਕੇ ਪੀਸ ਲਵੋ। ਇਕ ਚੌਥਾਈ ਚਮਚਾ ਹਰ ਰੋਜ਼ ਦੁੱਧ ਨਾਲ ਸ਼ਾਮ ਸਵੇਰੇ ਇਸਦੀ ਫੱਕੀ ਲਵੋ। ਪੰਜਾਹ ਦਿਨ ਸੇਵਨ ਕਰਨ ਨਾਲ ਸ਼ੀਘਰ ਪਤਨ ਖਤਮ ਹੋ ਜਾਵੇਗਾ ਤੇ ਵੀਰਜ ਗਾੜ੍ਹਾ ਹੋ ਜਾਵੇਗਾ। ਤੇਲ ਨੂੰ ਗਰਮ ਕਰਦੇ ਸਮੇਂ ਇਕ ਟੁਕੜਾ ਇਮਲੀ ਦਾ ਇਸ ਵਿਚ ਪਾਉਣ ਨਾਲ ਝੱਗ ਨਹੀਂ ਬਣਦੀ। ਖੂਨੀ ਬਵਾਸੀਰ ਵਿਚ ਇਮਲੀ ਦੇ ਪੱਤਿਆਂ ਦਾ ਰਸ ਪੀਣ ਨਾਲ ਲਾਭ ਹੁੰਦਾ ਹੈ। ਪੱਕੀ ਹੋਈ ਇਮਲੀ ਦੇ ਗੁੱਦੇ ਨੂੰ ਹੱਥਾਂ ਅਤੇ ਪੈਰਾਂ ਦੀਆਂ ਤਲੀਆਂ ਉਪਰ ਮਲਣ ਨਾਲ ਲੂਅ ਦਾ ਅਸਰ ਖ਼ਤਮ ਹੋ ਜਾਂਦਾ ਹੈ। ਇਕ ਗਿਲਾਸ ਪਾਣੀ ਵਿਚ ਪੱਚੀ ਗਰਾਮ ਇਮਲੀ ਭਿਉਂਕੇ ਪਾਣੀ ਨੂੰ ਪੀਣ ਨਾਲ ਗਰਮੀ ਵਿਚ ਲੂਅ ਨਹੀਂ ਲਗਦੀ।

ਸ਼ਰਾਬ ਦੇ ਨਸ਼ੇ ਦਾ ਪ੍ਰਭਾਵ ਦੂਰ ਕਰਨ ਲਈ ਇਮਲੀ ਦਾ ਸ਼ਰਬਤ ਲਾਭਕਾਰੀ ਹੈ।

ਫਲੋਰਸਿਸ ਹੱਡੀਆਂ ਦਾ ਇਕ ਰੋਗ ਹੈ। ਜਿਹੜਾ ਫਲੋਰਾਇਡ ਆਇਨ ਯੁਕਤ ਪਾਣੀ ਪੀਂਦਾ ਹੈ ਤਾਂ ਇਹ ਰੋਗ ਲੱਗਦਾ ਹੈ। ਇਸ ਵਿਚ ਦੰਦ ਖਰਾਬ ਹੋ ਜਾਂਦੇ ਹਨ ਤੇ ਪੀਲੇ ਪੈ ਜਾਂਦੇ ਹਨ ਤੇ ਗਲ ਸੜ ਜਾਂਦੇ ਹਨ। ਹੱਡੀਆਂ ਦਾ ਭਾਰ ਵਧ ਜਾਂਦਾ ਹੈ। ਜੋੜ ਜਕੜੇ ਜਾਂਦੇ ਹਨ ਅਤੇ ਰੀੜ ਦੀ ਹੱਡੀ ਵਿਚ ਅਕੜਾ ਆ ਜਾਂਦਾ ਹੈ। ਇਮਲੀ ਦਾ ਪਾਣੀ ਪੀਣ ਨਾਲ ਮਨੁੱਖ ਨੂੰ ਇਹ ਰੋਗ ਨਹੀਂ ਹੁੰਦਾ। ਇਮਲੀ ਦਾ ਪਾਣੀ ਫਲੋਰਸਿਸ ਆਇਨ ਨਸ਼ਟ ਕਰਦਾ ਹੈ। ਇਮਲੀ ਦੇ ਪਾਣੀ ਵਿਚ ਲੂਣ ਮਿਲਾਕੇ ਪੀਣ ਨਾਲ ਫਲੋਰਾਇਡ ਆਇਨ ਖਤਮ ਕਰਨ ਦੀ ਸਮਰੱਥਾ ਚਾਲੀ ਗੁਣਾ ਵੱਧ ਜਾਂਦੀ ਹੈ।

## ਇਲਾਇਚੀ ਛੋਟੀ ਅਤੇ ਇਲਾਇਚੀ ਵੱਡੀ



ਇਲਾਚੀ ਮਸਾਲੇ ਦੇ ਤੌਰ ਤੇ ਵੱਧ ਇਸਤੇਮਾਲ ਕੀਤੀ ਜਾਂਦੀ ਹੈ। ਇਲਾਇਚੀ ਦਾ ਅਰਥ ਹਰੀ ਛੋਟੀ ਇਲਾਇਚੀ ਹੈ। ਇਸਦਾ ਹੀ ਵੱਧ ਪ੍ਰਯੋਗ ਕੀਤਾ ਜਾਂਦਾ ਹੈ। ਪਾਨ, ਮਠਿਆਈ ਅਤੇ ਨਮਕੀਨ ਦਾ ਸਵਾਦ ਵਧਾਉਣ ਦੇ ਲਈ ਇਲਾਇਚੀ ਦੀ ਵਰਤੋਂ ਕੀਤੀ ਜਾਂਦੀ ਹੈ। ਇਲਾਇਚੀ ਵਿਚ ਇਕ ਖਾਸ ਕਿਸਮ ਦਾ ਤੇਲ ਹੁੰਦਾ ਹੈ। ਇਲਾਇਚੀ ਨੂੰ ਛਿੱਲਕੇ ਜਾਂ ਪੀਸਕੇ ਰੱਖਿਆ ਜਾਵੇ ਤਾਂ ਇਸਦਾ ਤੇਲ ਉਡ ਜਾਂਦਾ ਹੈ। ਇਸ ਲਈ ਇਸ ਨੂੰ ਬਿਨਾਂ ਛਿੱਲੇ ਹੀ ਰੱਖਣਾ ਚਾਹੀਦਾ ਹੈ।

- ਇਲਾਇਚੀ ਦਾ ਰਾਸਾਇਣਕ ਪੱਖ ਤੋਂ ਵਿਸ਼ਲੇਸ਼ਣ ਕੀਤਿਆਂ ਪਤਾ ਲੱਗਦਾ ਹੈ ਕਿ ਇਸ ਵਿਚ ਕਾਰਬੋਹਾਈਡਰੇਟ 42.1 ਪ੍ਰਤੀਸ਼ਤ, ਕੈਲਸ਼ੀਅਮ 1.3 ਪ੍ਰਤੀਸ਼ਤ, ਉਡਣਸ਼ੀਲ ਤੇਲ 2.8 ਪ੍ਰਤੀਸ਼ਤ, ਪੋਟਾਸ਼ੀਅਮ ਦੇ ਲੂਣ 2.2 ਪ੍ਰਤੀਸ਼ਤ, ਸਟਾਰਚ 3.4 ਪ੍ਰਤੀਸ਼ਤ, ਪੀਤਰੰਜਕ ਤਰਲ 6. 10 ਪ੍ਰਤੀਸ਼ਤ, ਨਮੀ 20 ਪ੍ਰਤੀਸ਼ਤ, ਰੇਸ਼ੇ 20.1 ਪ੍ਰਤੀਸ਼ਤ ਹੁੰਦੇ ਹਨ। ਇਸ ਵਿਚ ਲੋਹਾ, ਮੈਗਨੀਜ ਅਤੇ ਫਾਸਫੋਰਸ ਵੀ ਥੋੜ੍ਹੀ ਮਾਤਰਾ ਵਿਚ ਮਿਲਦੇ ਹਨ। ਇਲਾਇਚੀ ਦੇ ਦਾਨਿਆਂ ਨੂੰ ਸੌਖ ਨਾਲ ਪੀਸਣ ਦੇ ਲਈ ਇਹਨਾਂ ਵਿਚ ਥੋੜੀ ਜਿਹੀ ਖੰਡ ਮਿਲਾ ਲੈਣੀ ਚਾਹੀਦੀ ਹੈ। ਛੋਟੀ ਇਲਾਇਚੀ ਦੇ ਛਿਲਕਿਆਂ ਨੂੰ ਸੁੱਟਣਾ ਨਹੀਂ ਚਾਹੀਦਾ। ਇਹਨਾਂ ਨੂੰ ਚਾਹ ਪੱਤੀ ਵਿਚ ਮਿਲਾਕੇ ਰੱਖ ਦੇਣਾ ਚਾਹੀਦਾ ਹੈ। ਚਾਹ ਦਾ ਜ਼ਾਇਕਾ ਲਾਜਵਾਬ ਬਣ ਜਾਂਦਾ ਹੈ।
- ਇਲਾਇਚੀ ਐਂਟੀ ਸਪਾਜਮੈਟਿਕ ਹੈ ਭਾਵ ਇਹ ਮਾਸਪੇਸ਼ੀਆਂ ਦੇ ਸਖ਼ਤ ਹੋਣ ਤੋਂ ਰਾਹਤ ਦਿੰਦੀ ਹੈ। ਜੀ ਕੱਚਾ ਹੋਣਾ ਰੋਕਦੀ ਹੈ। ਸਾਹ ਵਿਚ ਤਾਜ਼ਗੀ ਭਰਦੀ ਹੈ। ਮੂੰਹ ਵੀ ਦੁਰੰਗਧ ਖਤਮ ਕਰਦੀ ਹੈ। ਗਲੇ ਨੂੰ ਆਰਾਮ ਪਹੁੰਚਾਉਂਦੀ ਹੈ। ਆਖਿਆ ਜਾਂਦਾ ਹੈ ਕਿ ਇਲਾਇਚੀ ਦੀ ਐਂਟੀ ਆਕਸੀਡੈਂਟ ਸ਼ਕਤੀ 20 ਸਬਜ਼ੀਆਂ ਅਤੇ ਫਲਾਂ ਦੇ ਨਾਲੋਂ ਬਿਹਤਰ ਹੈ। ਇਲਾਇਚੀ ਵਾਲੀ ਚਾਹ ਦੀ ਖਾਸ ਗੱਲ ਇਹ ਹੈ ਕਿ ਇਸਦਾ ਸਵਾਦ ਬਹੁਤ ਵਧੀਆ ਹੁੰਦਾ ਹੈ। ਗੁਣਵਤਾ ਦੇ ਪੱਖੋਂ ਛੋਟੀ ਇਲਾਇਚੀ ਵੱਡੀ ਇਲਾਇਚੀ ਦੇ ਨਾਲੋਂ ਵੱਧ ਲਾਭਦਾਇਕ ਹੁੰਦੀ ਹੈ। ਇਹ ਲਹੂ ਨੂੰ ਜੰਮਣ ਤੋਂ ਰੋਕਦੀ ਹੈ। ਇਲਾਇਚੀ ਨਾ ਤਾਂ ਗਰਮ ਹੁੰਦੀ ਹੈ ਅਤੇ ਨਾ ਹੀ ਠੰਢੀ। ਇਹ ਮੁੱਖ ਸ਼ੋਧਕ, ਦੁਰਗੰਧ ਨਾਸ਼ਕ, ਉਲਟੀ ਨਾਸ਼ਕ, ਰੁੱਚੀਕਾਰਕ ਭਾਵ ਭੁੱਖ ਵਧਾਉਣ ਵਾਲੀ, ਦਿਲ ਨੂੰ ਸ਼ਕਤੀ ਪ੍ਰਦਾਨ ਕਰਨ ਵਾਲੀ, ਬਲਗਮ ਨਿਵਾਰਕ, ਮੂਤਰ ਜਨਕ, ਦਰਦਨਾਸ਼ਕ ਅਤੇ ਬਲਦਾਇਕ ਹੁੰਦੀ ਹੈ।

ਛੋਟੀ ਇਲਾਇਚੀ ਦੇ ਦਾਣੇ ਪੀਸਕੇ ਚਾਹ ਵਿਚ ਪਾ ਲਵੋ। ਇਹ ਚਾਹ ਪੀਣ ਨਾਲ ਉਦਾਸੀ ਖਤਮ ਹੋ ਜਾਂਦੀ ਹੈ। ਸਿਰ ਦਰਦ ਹੋਣ ਤੇ ਇਲਾਇਚੀ ਨੂੰ ਪੀਸਕੇ ਸਿਰ ਉਪਰ ਲੇਪ ਕਰਨ ਨਾਲ ਸਿਰ ਦਰਦ ਬੰਦ ਹੋ ਜਾਂਦਾ ਹੈ। ਇਸਦੇ ਚੂਰਣ ਨੂੰ ਸੁੰਘਣਾ ਚਾਹੀਦਾ ਹੈ। ਸੁੰਘਣ ਨਾਲ ਛਿੱਕਾਂ ਲੱਗ ਜਾਂਦੀਆਂ ਹਨ ਅਤੇ ਦਿਮਾਗੀ ਦਰਦ ਖਤਮ ਹੋ ਜਾਂਦਾ ਹੈ। ਇਲਾਇਚੀ ਨੂੰ ਅਦਰਕ, ਲੌਂਗ ਅਤੇ ਹਰੇ ਧਨੀਏਂ ਨਾਲ ਪੀਸਕੇ ਖਾਣ ਤੇ ਬਦਹਜ਼ਮੀ ਤੋਂ ਆਰਾਮ ਮਿਲਦਾ ਹੈ। ਹਰ ਰੋਜ਼ ਸੌਣ ਦੇ ਵਕਤ ਦੁੱਧ ਵਿਚ ਦੋ ਇਲਾਇਚੀਆਂ ਦੇ ਦਾਣੇ ਪੀਸਕੇ ਪਾ ਲਵੋ। ਇਸ ਵਿਚ ਸ਼ਹਿਦ ਮਿਲਾਕੇ ਪੀਣ ਤੇ ਮਰਦਾਨਾ ਸ਼ਕਤੀ ਵਿਚ ਵਾਧਾ ਹੁੰਦਾ ਹੈ। ਦੋ ਇਲਾਇਚੀਆਂ ਪੀਸਕੇ ਇਕ ਗਿਲਾਸ ਦੁੱਧ ਨਾਲ ਲੈਣ ਤੇ ਪੇਸ਼ਾਬ ਖੁੱਲ੍ਹਕੇ ਆਉਂਦਾ ਹੈ ਅਤੇ ਪੇਸ਼ਾਬ ਲੱਗ ਕੇ ਵੀ ਨਹੀਂ ਆਉਂਦਾ। ਤਿੰਨ ਪੀਸੀਆਂ ਹੋਈਆਂ ਛੋਟੀਆਂ ਇਲਾਇਚੀਆਂ, ਥੋੜੀ ਜਿਹੀ ਭੁੰਨੀ ਹੋਈ ਹਿੰਗ, ਅੱਧਾ ਚਮਚਾ ਦੇਸੀ ਘਿਉ, ਇਕ ਗਿਲਾਸ ਉਬਲੇ ਹੋਏ ਦੁੱਧ ਵਿਚ ਮਿਲਾਕੇ ਸੁਬਾਹ ਸ਼ਾਮ ਪੀਣ ਨਾਲ ਪੇਸ਼ਾਬ ਦਾ ਬੰਨ੍ਹ ਖੁੱਲ੍ਹ ਜਾਂਦਾ ਹੈ ਅਤੇ ਵੀਰਜ ਦੇ ਦੋਸ਼ ਵੀ ਖਤਮ ਹੋ ਜਾਂਦੇ ਹਨ। ਦੋ ਇਲਾਇਚੀਆਂ ਖਾ ਕੇ ਦੁੱਧ ਪੀਣ ਨਾਲ ਪੇਸ਼ਾਬ ਦੀ ਜਲਣ ਦੂਰ ਹੋ ਜਾਂਦੀ ਹੈ। ਜਲਣ ਹੋਣ ਦੀ ਸੂਰਤ ਵਿਚ ਇਲਾਇਚੀ ਨੂੰ ਚੂਸਦੇ ਰਹੋ। ਇਸਨੂੰ ਬਾਦ ਵਿਚ ਖਾ ਲਵੋ। ਪੱਥਰੀ ਵਿਚ ਵੀ ਇਲਾਇਚੀ ਗੁਣਕਾਰੀ ਹੈ। ਇਲਾਇਚੀ ਖਾਣ ਨਾਲ ਨਸ਼ੇ ਦੀ ਆਦਤ ਤੋਂ ਛੁਟਕਾਰਾ ਮਿਲਦਾ ਹੈ। ਜਦੋਂ ਵੀ ਨਸ਼ਾ ਕਰਨ ਦੀ ਇੱਛਾ ਹੋਵੇ, ਇਲਾਇਚੀ ਚੂਸ ਲਵੋ। ਇਲਾਇਚੀ ਬੋਰਡ ਵਲੋਂ ਕੀਤੇ ਗਏ ਇਕ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਇਲਾਇਚੀ ਵਿਚ ਸਿਰਦਰਦ, ਪੇਟ ਦਰਦ, ਜੀ ਕੱਚਾ ਹੋਣਾ ਅਤੇ ਜੋੜਾਂ ਦੇ ਦਰਦ ਦੀਆਂ ਪੁਰਾਣੀਆਂ ਬਿਮਾਰੀਆਂ ਨੂੰ ਨਸ਼ਟ ਕਰਨ ਦੀ ਸਮਰੱਥਾ ਹੈ। ਬੋਰਡ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਮੱਧ ਪ੍ਰਦੇਸ਼ ਵਿਚ ਕੁੱਝ ਗਰਭਵਤੀ ਔਰਤਾਂ ਨੂੰ ਇਲਾਇਚੀ ਦਾ ਕਾੜ੍ਹਾ ਪਿਲਾਇਆ ਗਿਆ ਤਾਂ ਕਿ ਉਹਨਾਂ ਦਾ ਪੇਟ ਜ਼ਿਆਦਾ ਬਾਹਰ ਨਾ ਨਿਕਲੇ, ਛਾਤੀਆਂ ਦੇ ਦੁੱਧ ਦੀ ਸਫਾਈ ਹੋ ਸਕੇ ਅਤੇ ਬੱਚਾ ਮਾਂ ਦੀ ਬਿਮਾਰੀ ਤੋਂ ਬਚ ਸਕੇ।

ਰਾਤ ਨੂੰ ਸੌਣ ਸਮੇਂ ਜੇਕਰ ਖਾਂਸੀ ਹੋਵੇ ਤਾਂ ਇਕ ਵੱਡੀ ਇਲਾਇਚੀ ਅਤੇ ਇਕ ਲੌਂਗ ਨੂੰ ਭੁੰਨਕੇ ਤੇ ਪੀਸਕੇ ਇਕ ਚੌਥਾਈ ਭਾਗ ਸ਼ਹਿਦ ਵਿਚ ਮਿਲਾਕੇ ਹੌਲ਼ੀ ਹੌਲ਼ੀ ਪੰਜ ਮਿੰਟ ਚੂਸਦੇ ਰਹੋ। ਇਸ ਨਾਲ ਗਲਾ ਸਾਫ਼ ਹੋਵੇਗਾ, ਖਾਂਸੀ ਤੋਂ ਆਰਾਮ ਮਿਲੇਗਾ।

# ਬਾਕਸਿੰਗ ਮੈਚ 'ਚ ਹੁਣ AI ਮਾਡਲ ਬਣੇਗੀ ਰਿੰਗ ਗਰਲ

ਜਕਾਰਤਾ ਰਿੰਗ ਗਰਲਜ਼ ਜਾਂ ਰਿੰਗ ਗਰਲਜ਼ ਪੇਸ਼ੇਵਰ ਮੁੱਕੇਬਾਜ਼ੀ ਦਾ ਅਟੁੱਟ ਹਿੱਸਾ ਲੱਗਦੀਆਂ ਹਨ। ਸੁੰਦਰ ਸਰੀਰ ਵਾਲੀਆਂ ਸੁੰਦਰ ਔਰਤਾਂ ਨੂੰ ਪੇਸ਼ੇਵਰ ਮੁੱਕੇਬਾਜ਼ੀ ਮੈਚ ਦੇ ਹਰ ਬ੍ਰੇਕ ਵਿੱਚ ਹਮੇਸ਼ਾ ਦਿਖਾਇਆ ਜਾਂਦਾ ਹੈ। ਹਾਲਾਂਕਿ, ਪੇਸ਼ੇਵਰ ਮੁੱਕੇਬਾਜ਼ੀ ਮੁਕਾਬਲਿਆਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਦੀ ਐਂਟਰੀ ਤੋਂ ਬਾਅਦ 1965 ਤੋਂ ਚੱਲੀ ਆ ਰਹੀ ਪਰੰਪਰਾ ਛੇਤੀ ਹੀ ਖਤਮ ਹੋ ਜਾਵੇਗੀ। ਅੀ ਰਿੰਗ ਗਰਲਜ਼ ਦੀ ਭੂਮਿਕਾ ਦੀ ਥਾਂ ਲੈ ਲਵੇਗਾ ਤਾਂ ਬਾਕਸਰਾਂ ਦੇ ਲਾਈਵ ਇਵੈਂਟ ਨੂੰ ਦਿਖਾਇਆ ਜਾ ਸਕੇ ਤੇ ਹੋਰ ਬਹੁਤ ਕੁਝ। ਇਸ ਦੌਰਾਨ ਦੱਸ ਦਈਏ ਕਿ ਲਿਲੇ ਉਇਸ ਨਾਮ ਦੀ ਇੱਕ ਅੀ ਮਾਡਲ ਅਸਲੀ ਰਿੰਗ ਗਰਲ ਨੂੰ ਰਿਪਲੇਸ ਕਰਨ ਵਾਲੀ ਪਹਿਲੀ ਏਆਈ ਮਾਡਲ ਬਣ ਜਾਵੇਗੀ।

ਲਿਲੀ ਹੇਜ਼ ਦੇ ਕ੍ਰਿਏਟਰ ਨੇ ਕਿਹਾ ਕਿ ਤਕਨਾਲੋਜੀ ਬਹੁਤ ਤੇਜ਼ੀ ਨਾਲ ਵਿਕਾਸ ਕਰ ਰਹੀ ਹੈ, ਜਿਸ ਵਿੱਚ ਹਰ ਖੇਡ ਵਿੱਚ ਇਸਦੇ ਪ੍ਰਭਾਵ ਸ਼ਾਮਲ ਹਨ। ਖੇਡ ਸੰਸਥਾਵਾਂ ਵੀ ਅੀ ਇਨਫਲੂਏਂਸਰਾਂ ਦੀ ਵਰਤੋਂ ਕਰਕੇ ਨਵੀਨਤਾਕਾਰੀ ਕਰ ਰਹੀਆਂ ਹਨ। ਲਿਲੀ ਨੇ ਪਿਛਲੇ 12 ਮਹੀਨਿਆਂ ਵਿੱਚ ਇੱਕ ਅਸਾਧਾਰਣ ਅਧਾਰ ਬਣਾਇਆ ਹੈ ਅਤੇ ਪ੍ਰੋ ਬਾਕਸਿੰਗ ਇੱਕ ਵਧੀਆ ਤਰੀਕਿਆਂ ਵਿੱਚੋਂ ਇੱਕ ਹੈ, ਜਿਸ ਨਾਲ ਵਿਸ਼ਵ ਖੇਡਾਂ ਦੀ ਮੁੱਖ ਧਾਰਾ ਨੂੰ ਕਾਇਮ ਰੱਖਿਆ ਜਾ ਸਕਦਾ ਹੈ।

ਲਿਲੀ ਦੇ ਕ੍ਰਿਏਟਰ ਨੇ ਕਿਹਾ ਕਿ ਰਿੰਗ ਗਰਲਜ਼ ਬਾਕਸਿੰਗ ਪਰਿਵਾਰ ਦਾ ਹਿੱਸਾ ਬਣ ਗਈਆਂ ਹਨ। ਪਰ ਇੱਕ ਚੀਜ਼ ਜੋ ਉਹ ਨਹੀਂ ਕਰ ਸਕਦੇ ਉਹ ਹੈ ਹਫ਼ਤੇ ਦੇ 24 ਘੰਟੇ 7 ਦਿਨ ਪ੍ਰਸ਼ੰਸਕਾਂ ਨਾਲ ਗੱਲਬਾਤ ਕਰਨਾ ਅਤੇ ਇਹ ਵੱਖ-





ਵੱਖ ਭਾਸ਼ਾਵਾਂ ਵਿੱਚ ਕੀਤਾ ਜਾਂਦਾ ਹੈ।

ਲ਼ਿਲੇ ਉਇਸ ਠਹਏ ਅੀ ਗਰਲ ਪੇਡ ਪਲੇਟਫਾਰਮ ਫੈਨਵਿਊ ਰਾਹੀਂ ਮਸ਼ਹੂਰ ਹੋਈ ਹੈ। ਫੈਨਵਿਊ ਦੇ ਬੁਲਾਰੇ ਦੇ ਅਨੁਸਾਰ, ਲਿਲੀ ਹੇਜ਼ 20 ਹਜ਼ਾਰ ਪੌਂਡ ਸਟਰਲਿੰਗ ਤੇ ਆਪਣੇ ਪ੍ਰਸ਼ੰਸਕਾਂ ਨਾਲ ਅਪਲੋਡ ਅਤੇ ਚੈਟ ਤੋਂ ਲਗਭਗ 407 ਮਿਲੀਅਨ ਪ੍ਰਤੀ ਹਫਤੇ ਕਮਾਉਣ ਦੇ ਯੋਗ ਹੈ। ਰਿੰਗ ਗਰਲ ਦੀ ਇਹ ਨਵੀਂ ਪਰੰਪਰਾ ਬਿਲ ਮਿਲਰ ਨਾਮਕ ਬਾਕਸਿੰਗ ਪ੍ਰਮੋਟਰ ਨਾਲ ਸ਼ੁਰੂ ਹੋਣ ਵਾਲੀ ਹੈ। ਉਸਦਾ ਹਰ ਮੰਗਲਵਾਰ ਰਾਤ ਨੂੰ ਹੈਸੀਂਡਾ ਹੋਟਲ, ਲਾਸ ਵੇਗਾਸ ਵਿਖੇ ਪ੍ਰੋ ਬਾਕਸਿੰਗ ਮੈਚ ਦਾ ਰੁਟੀਨ ਹੈ।

# WWE ਦੇ ਮਸ਼ਹੂਰ ਰੈਸਲਰ ਰੇ ਮਿਸਟੀਰੀਓ ਦਾ ਹੋਇਆ ਦਿਹਾਂਤ

ਮੈਕਸੀਕਨ ਕੁਸ਼ਤੀ ਦੇ ਮਹਾਨ ਖਿਡਾਰੀ ਰੇ ਮਿਸਟੀਰੀਓ ਸੀਨੀਅਰ ਦੀ 66 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਹੈ। ਉਹ ਡਬਲਯੂਡਬਲਯੂਈ ਸਟਾਰ ਰੇ ਮਿਸਟੀਰੀਓ ਜੂਨੀਅਰ ਦਾ ਚਾਚਾ ਸੀ। ਮਿਸਟੀਰੀਓ ਪਹਿਲੀ ਵਾਰ ਮੈਕਸੀਕੋ ਵਿੱਚ ਲੁਚਾ ਲਿਬਰੇ ਸੀਨ ਦੇ ਇੱਕ ਹਿੱਸੇ ਵਜੋਂ ਪ੍ਰਮੁੱਖਤਾ ਵਿੱਚ ਆਇਆ ਸੀ।

ਮਿਸਟੀਰੀਓ ਸੀਨੀਅਰ, ਆਪਣੇ ਭਤੀਜੇ ਵਾਂਗ, ਇੱਕ ਨਕਾਬਪੋਸ਼ ਪਹਿਲਵਾਨ ਸੀ ਅਤੇ ਉਸਨੇ 1976 ਵਿੱਚ ਖੇਡ ਵਿੱਚ ਸ਼ੁਰੂਆਤ ਕੀਤੀ ਸੀ। ਮਿਸਟੀਰੀਓ ਸੀਨੀਅਰ ਦਾ ਜਨਮ 1955 ਵਿੱਚ ਟਿਜੁਆਨਾ, ਮੈਕਸੀਕੋ ਵਿੱਚ ਹੋਇਆ ਸੀ ਅਤੇ ਉਸਨੇ ਕੁਸ਼ਤੀ ਵੱਲ ਮੁੜਨ ਤੋਂ ਪਹਿਲਾਂ ਮੁੱਕੇਬਾਜ਼ੀ ਵਿੱਚ ਆਪਣਾ ਕਰੀਅਰ ਸ਼ੁਰੂ ਕੀਤਾ ਸੀ।ਇਸਦੇ ਫੈਂਨਜ ਨੂੰ ਵੀ ਇਹ ਖ਼ਬਰ ਸੁਣ ਕੇ ਬਹੁਤ ਧੱਕਾ ਲੱਗਿਆ ਹੈ। ਮਾਈਸਟੀਰੀਓ ਸੀਨੀਅਰ ਦੀ ਮੌਤ ਰੇ ਮਿਸਟਰੀਓ ਦੇ ਪਿਤਾ ਰੌਬਰਟ ਗੁਟੀਰੇਜ਼ ਦੀ ਮੌਤ ਤੋਂ ਕੁਝ ਹਫ਼ਤੇ ਬਾਅਦ ਹੋਈ ਹੈ।ਉਸਦੇ ਚਾਹੁਣ ਵਾਲਿਆਂ ਵੱਲੋਂ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।






# ਮੈਲਬੌਰਨ 'ਚ ਹਾਰੀ ਟੀਮ ਇੰਡੀਆ, ਸਿਡਨੀ ਟੈਸਟ ਮਗਰੋਂ ਸੰਨਿਆਸ ਲੈਣਗੇ ਰੋਹਿਤ-ਕੋਹਲੀ?



ਮੈਲਬੋਰਨ 'ਚ ਖੇਡੇ ਗਏ ਚੌਥੇ ਟੈਸਟ ਮੈਚ 'ਚ ਆਸਟ੍ਰੇਲੀਆ ਨੇ ਜਿੱਤ ਦਰਜ ਕੀਤੀ ਹੈ। ਕੰਗਾਰੂਆਂ ਨੇ ਬਾਕਸਿੰਗ ਡੇ ਟੈਸਟ 184 ਦੌੜਾਂ ਨਾਲ ਜਿੱਤ ਲਿਆ ਹੈ। ਇਸ ਨਾਲ ਆਸਟ੍ਰੇਲੀਆ ਨੇ ਪੰਜ ਮੈਚਾਂ ਦੀ ਟੈਸਟ ਸੀਰੀਜ਼ 'ਚ 2-1 ਦੀ ਬੜ੍ਹਤ ਬਣਾ ਲਈ ਹੈ।

ਹੁਣ ਭਾਰਤ ਲਈ ਡਬਲਯੂਟੀਸੀ ਫਾਈਨਲ ਵਿੱਚ ਪਹੁੰਚਣਾ ਵੀ ਮੁਸ਼ਕਿਲ ਹੋ ਗਿਆ ਹੈ। ਇਸ ਟੈਸਟ ਦੇ ਪੰਜਵੇਂ ਦਿਨ ਭਾਰਤ ਨੂੰ 340 ਦੌੜਾਂ ਦਾ ਟੀਚਾ ਮਿਲਿਆ ਸੀ। ਜਵਾਬ 'ਚ ਟੀਮ ਇੰਡੀਆ 155 ਦੌੜਾਂ 'ਤੇ ਆਲ ਆਊਟ ਹੋ ਗਈ। ਭਾਰਤ ਲਈ ਦੂਜੀ ਪਾਰੀ ਵਿੱਚ ਯਸ਼ਸਵੀ ਜੈਸਵਾਲ ਨੇ ਸਭ ਤੋਂ ਵੱਧ 84 ਦੌੜਾਂ ਬਣਾਈਆਂ। ਆਸਟ੍ਰੇਲੀਆ ਲਈ ਪੈਟ ਕਮਿੰਸ ਅਤੇ ਸਕਾਟ ਬੋਲੈਂਡ ਨੇ ਤਿੰਨ-ਤਿੰਨ ਵਿਕਟਾਂ ਲਈਆਂ। ਨਾਥਨ ਲਿਓਨ ਨੂੰ ਵੀ ਦੋ ਸਫਲਤਾਵਾਂ ਮਿਲੀਆਂ।

ਬਾਰਡਰ-ਗਾਵਸਕਰ ਟਰਾਫੀ ਦੇ ਤਹਿਤ ਭਾਰਤੀ ਟੀਮ ਅਤੇ ਆਸਟ੍ਰੇਲੀਆ ਵਿਚਾਲੇ 5 ਮੈਚਾਂ ਦੀ ਟੈਸਟ ਸੀਰੀਜ਼ ਖੇਡੀ ਜਾ ਰਹੀ ਹੈ, ਜਿਸ ਦਾ ਚੌਥਾ ਮੈਚ ਮੈਲਬੌਰਨ 'ਚ ਹੋਇਆ। ਇਸ ਚੌਥੇ ਮੈਚ ਵਿੱਚ ਆਸਟਰੇਲੀਆ ਨੇ 184 ਦੌੜਾਂ ਨਾਲ ਜਿੱਤ ਦਰਜ ਕੀਤੀ। ਇਸ ਤਰ੍ਹਾਂ ਮੇਜ਼ਬਾਨ ਟੀਮ ਸੀਰੀਜ਼ 'ਚ 2-1 ਨਾਲ ਅੱਗੇ ਹੈ। ਦੱਸ ਦੇਈਏ ਕਿ ਭਾਰਤੀ ਟੀਮ ਨੂੰ 340 ਦੌੜਾਂ ਦਾ ਟੀਚਾ ਮਿਲਿਆ ਸੀ।

ਇਸ ਹਾਰ ਤੋਂ ਬਾਅਦ ਕਪਤਾਨ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਦੇ ਸੰਨਿਆਸ ਲੈਣ ਦੀਆਂ ਅਟਕਲਾਂ ਤੇਜ਼ ਹੋ ਗਈਆਂ ਹਨ। ਕਈ ਰਿਪੋਰਟਾਂ 'ਚ ਕਿਹਾ ਜਾ ਰਿਹਾ ਹੈ ਕਿ ਰੋਹਿਤ ਸਿਡਨੀ ਮੈਚ ਤੋਂ ਬਾਅਦ ਟੈਸਟ ਤੋਂ ਵੀ ਸੰਨਿਆਸ ਲੈ ਲੈਣਗੇ। ਇਸ ਦੌਰਾਨ ਸਾਬਕਾ ਭਾਰਤੀ ਕਪਤਾਨ ਸੁਨੀਲ ਗਾਵਸਕਰ ਨੇ ਵੀ ਰੋਹਿਤ ਅਤੇ ਕੋਹਲੀ ਦੇ ਸੰਨਿਆਸ 'ਤੇ ਵੱਡਾ ਬਿਆਨ ਦਿੱਤਾ ਹੈ। ਗਾਵਸਕਰ ਨੇ ਕਿਹਾ ਕਿ ਉਹ ਇਸ ਸੀਰੀਜ਼ ਤੋਂ ਬਾਅਦ ਰੋਹਿਤ ਨੂੰ ਟੈਸਟ ਕ੍ਰਿਕਟ 'ਚ ਨਹੀਂ ਦੇਖ ਰਹੇ ਹਨ।

ਰੋਹਿਤ ਅਤੇ ਕੋਹਲੀ ਦੀ ਖਰਾਬ ਫਾਰਮ ਬਾਰੇ ਗੱਲ ਕਰਦੇ ਹੋਏ ਗਾਵਸਕਰ ਨੇ ਕਿਹਾ, 'ਦੋਵਾਂ ਨੇ ਨਿਊਜ਼ੀਲੈਂਡ (ਟੈਸਟ ਸੀਰੀਜ਼) ਖਿਲਾਫ ਦੌੜਾਂ ਵੀ ਨਹੀਂ ਬਣਾਈਆਂ। ਇੱਥੇ ਵੀ ਦੌੜਾਂ ਨਹੀਂ ਬਣਾਈਆਂ। ਕੋਹਲੀ ਦਾ ਸੈਂਕੜਾ ਜ਼ਰੂਰ ਹੈ, ਪਰ ਜਦੋਂ ਉਸ ਨੇ ਉਸ ਮੈਚ ਵਿੱਚ ਬੱਲੇਬਾਜ਼ੀ ਕੀਤੀ, ਉਦੋਂ ਤੱਕ ਭਾਰਤੀ ਸਥਿਤੀ ਬਹੁਤ ਮਜ਼ਬੂਤ 'ਚ ਪੁੱਜ ਗਿਆ ਸੀ, 'ਕੋਹਲੀ-ਰੋਹਿਤ ਮੁਸ਼ਕਲ ਹਾਲਾਤਾਂ ਵਿੱਚ ਦੌੜਾਂ ਨਹੀਂ ਬਣਾ ਰਹੇ ਹਨ।

ਉਸ ਨੇ ਕਿਹਾ, 'ਪਰ ਉਸ ਤੋਂ ਬਾਅਦ ਜਦੋਂ ਐਡੀਲੇਡ ਅਤੇ ਬ੍ਰਿਸਬੇਨ 'ਚ ਹਾਲਾਤ ਵੱਖ-ਵੱਖ (ਮੁਸ਼ਕਿਲ) ਸਨ, ਉੱਥੇ ਜੋ ਦੌੜਾਂ ਬਣਾਉਣੀਆਂ ਚਾਹੀਦੀਆਂ ਸਨ, ਉਹ ਦੋਵੇਂ ਬੱਲੇਬਾਜ਼ਾਂ ਨੇ ਨਹੀਂ ਬਣਾਈਆਂ। ਉਹ ਸਾਡੇ ਬਹੁਤ ਤਜਰਬੇਕਾਰ ਖਿਡਾਰੀ ਹਨ, ਉਨ੍ਹਾਂ 'ਤੇ ਬਹੁਤ ਕੁਝ ਨਿਰਭਰ ਹੈ ਪਰ ਉਸ ਤੋਂ ਕੁਝ ਨਹੀਂ ਹੋਇਆ ਗਾਵਸਕਰ ਨੇ ਅੱਗੇ ਕਿਹਾ, 'ਯਸ਼ਸਵੀ ਜਾਇਸਵਾਲ ਵੀ ਐਡੀਲੇਡ ਅਤੇ ਬ੍ਰਿਸਬੇਨ 'ਚ ਜਲਦੀ ਆਊਟ ਹੋ ਗਏ ਸਨ। ਇਸ ਕਾਰਨ ਦੂਜੇ ਬੱਲੇਬਾਜ਼ਾਂ 'ਤੇ ਵੀ ਕਾਫੀ ਦਬਾਅ ਸੀ, ਜਿਸ ਨੂੰ ਉਹ ਬਰਦਾਸ਼ਤ ਨਹੀਂ ਕਰ ਸਕੇ।

ਕੀ ਰੋਹਿਤ ਦਾ ਆਖਰੀ ਟੈਸਟ ਹੋਵੇਗਾ ਸਿਡਨੀ ਟੈਸਟ? ਇਸ 'ਤੇ ਗਾਵਸਕਰ ਨੇ ਕਿਹਾ, 'ਜੇਕਰ ਦੌੜਾਂ ਨਹੀਂ ਬਣਾਈਆਂ ਗਈਆਂ ਤਾਂ ਇਹ ਯਕੀਨੀ ਤੌਰ 'ਤੇ ਹੋ ਸਕਦਾ ਹੈ। ਕਿਉਂਕਿ ਇਸ ਹਾਰ ਨਾਲ ਵਿਸ਼ਵ ਟੈਸਟ ਚੈਂਪੀਅਨਸ਼ਿਪ (ਡਬਲਯੂ.ਟੀ.ਸੀ.) ਦੇ ਫਾਈਨਲ ਵਿੱਚ ਪਹੁੰਚਣ ਦੀ ਸੰਭਾਵਨਾ ਬਹੁਤ ਘੱਟ ਹੋ ਗਈ ਹੈ। ਉਸ ਨੇ ਕਿਹਾ, 'ਜਦਕਿ ਡਬਲਯੂਟੀਸੀ (2025-27) ਦਾ ਅਗਲਾ ਸੀਜ਼ਨ ਜੂਨ 'ਚ ਇੰਗਲੈਂਡ ਦੌਰੇ ਨਾਲ ਸ਼ੁਰੂ ਹੋਵੇਗਾ। ਫਿਰ ਉਸ 2027 ਲਈ ਤੁਸੀਂ ਨਵੇਂ ਚਿਹਰੇ ਦੇਖਣਾ ਚਾਹੋਗੇ। ਤੁਸੀਂ ਸਿਰਫ ਉਨ੍ਹਾਂ ਨੂੰ ਹੀ ਲੈਣਾ ਚਾਹੋਗੇ ਜੋ ਇੰਗਲੈਂਡ ਦੌਰੇ 'ਤੇ 2027 ਦੇ ਫਾਈਨਲ ਲਈ ਉਪਲਬਧ ਹੋਣਗੇ।

ਗਾਵਸਕਰ ਨੇ ਕਿਹਾ ਕਿ ਜੇਕਰ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਆਪਣੀ ਫਾਰਮ ਜਾਂ ਤਕਨੀਕ




ਨੂੰ ਠੀਕ ਨਹੀਂ ਕਰਦੇ ਹਨ ਤਾਂ ਉਨ੍ਹਾਂ ਦਾ ਇਲਾਜ ਕਰਨਾ ਹੋਵੇਗਾ। 'ਜਿਸ ਤਰ੍ਹਾਂ ਦੋਵੇਂ (ਰੋਹਿਤ-ਕੋਹਲੀ) ਆਊਟ ਹੋ ਰਹੇ ਹਨ, ਉਸ ਤੋਂ ਲੱਗਦਾ ਹੈ ਕਿ ਕੋਈ ਹੋਰ ਮਸਲਾ ਹੈ, ਇਸ ਲਈ ਇਲਾਜ ਕਰਨਾ ਹੋਵੇਗਾ।' ਮੌਜੂਦਾ ਸੀਰੀਜ਼ ਦੇ ਪਹਿਲੇ 4 ਟੈਸਟ ਮੈਚਾਂ 'ਚ ਭਾਰਤ ਲਈ ਯਸ਼ਸਵੀ ਜਾਇਸਵਾਲ ਨੇ ਸਭ ਤੋਂ ਵੱਧ 359 ਦੌੜਾਂ ਬਣਾਈਆਂ ਹਨ। ਕੋਹਲੀ ਇਸ ਸੂਚੀ 'ਚ ਚੌਥੇ ਸਥਾਨ 'ਤੇ ਹਨ, ਜਿਨ੍ਹਾਂ ਨੇ 7 ਪਾਰੀਆਂ 'ਚ 167 ਦੌੜਾਂ ਬਣਾਈਆਂ ਹਨ। ਇਸ ਦੌਰਾਨ ਇਕ ਸੈਂਕੜਾ ਲਗਾਇਆ ਹੈ। ਜਦੋਂਕਿ ਕਪਤਾਨ ਰੋਹਿਤ ਦੀ ਹਾਲਤ ਬਹੁਤ ਖਰਾਬ ਹੈ।

ਕਪਤਾਨ ਰੋਹਿਤ ਨੇ ਹੁਣ ਤੱਕ 3 ਟੈਸਟ ਮੈਚਾਂ ਦੀਆਂ 5 ਪਾਰੀਆਂ 'ਚ ਸਿਰਫ 31 ਦੌੜਾਂ ਬਣਾਈਆਂ ਹਨ। ਇਸ ਦੌਰਾਨ ਉਸ ਦੀ ਔਸਤ ਵੀ 6.20 ਰਹੀ, ਜੋ ਕਿ ਬਹੁਤ ਮਾੜੀ ਹੈ। ਤੇਜ਼ ਗੇਂਦਬਾਜ਼ ਆਕਾਸ਼ ਦੀਪ ਨੇ ਰੋਹਿਤ ਤੋਂ ਵੱਧ ਦੌੜਾਂ ਬਣਾਈਆਂ ਹਨ। ਆਕਾਸ਼ ਨੇ 3 ਪਾਰੀਆਂ 'ਚ 38 ਦੌੜਾਂ ਬਣਾਈਆਂ ਹਨ।

# WHITE ROSE BUILDERS

*We do not build houses, We create homes...*

*Proudly Celebrating*

## 20 Years in Business



DREAMLINE HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER www.dbh.govt.nz BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED